

ਸੰਵਾਦ-17 (ਜਨਵਰੀ-ਜੂਨ 2023) ISSN : 2395-1273 **www.sanvad.org**

# ਹਰਿਭਜਨ ਸਿੰਘ ਰਚਿਤ ਦੀਰਘ ਕਾਵਿ 'ਰੁੱਖ ਤੇ ਰਿਸ਼ੀ': ਰੂਪਾਕਾਰਕ ਅਧਿਐਨ



**ਡਾ. ਸਰਬਜੀਤ ਕੌਰ ਸੋਹਲ**
ਪ੍ਰਿੰਸੀਪਲ
ਯੂਨੀਵਰਸਿਟੀ ਕਾਲਜ
ਚੁਨੀ ਕਲਾਂ
98151-72073
drsksohal@gmail.com

ਆਧੁਨਿਕ ਜੀਵਨ ਦੀਆਂ ਉਲਝੀਆਂ ਹੋਈਆਂ ਪ੍ਰਸਥਿਤੀਆਂ ਅਤੇ ਜਟਿਲ ਸੰਵੇਦਨਾਵਾਂ ਦੀ ਪੇਸ਼ਕਾਰੀ ਲਈ ਪਰੰਪਰਕ ਤੇ ਸਥਾਪਿਤ ਕਾਵਿ-ਰੂਪ ਅਤੇ ਪ੍ਰਗਟਾਅ ਵਿਧੀਆਂ ਅਧੂਰੀਆਂ ਪ੍ਰਤੀਤ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਅੱਜ ਦੇ ਯੁਗ ਵਿਚ ਕਈ ਕਾਵਿ-ਰੂਪ ਆਪਣੀ ਪ੍ਰਸੰਗਿਕਤਾ ਅਤੇ ਉਪਯੋਗਤਾ ਗਵਾ ਚੁੱਕੇ ਹਨ ਕਿਉਂਕਿ ਉਹ ਜਟਿਲ ਵਾਸਤਵਿਕਤਾ ਦੇ ਵਿਭਿੰਨ ਪਸਾਰਾਂ ਤੇ ਬਹੁਪਰਤੀ ਆਯਾਮਾਂ ਨੂੰ ਕਲਾਤਮਕ ਰੂਪ ਵਿਚ ਪਕੜਣ ਅਤੇ ਸੰਚਾਰਨ ਵਿਚ ਅਸਮਰੱਥ ਰਹੇ ਹਨ। ਸਾਡੇ ਪ੍ਰਬੰਧਾਤਮਕ ਰੂਪ ਵਿਧਾਨਾਂ ਨਾਲ ਇਹੀ ਹੋਇਆ ਹੈ। ਅਭਿਵਿਅਕਤੀ ਦੀ ਇਸ ਸਮੱਸਿਆ ਨੂੰ ਨਜਿੱਠਣ ਲਈ ਹੀ ਕੁਝ ਅਜਿਹੇ ਕਾਵਿ ਮਾਧਿਅਮਾਂ ਦੀ ਤਲਾਸ਼ ਹੋਈ ਹੈ, ਜਿਹੜੇ ਜਿਥੇ ਪਰੰਪਰਾਗਤ ਰੂਪਾਂ ਵਿਧਾਨਾਂ ਦੀਆਂ ਰੂੜ੍ਹੀਆਂ, ਜੁਗਤਾਂ ਤੇ ਵਿਧੀਆਂ ਤੋਂ ਮੁਕਤ ਹਨ, ਉਥੇ ਆਧੁਨਿਕ ਜੀਵਨ ਦੇ ਜਟਿਲ ਸੱਚ ਦੀ ਪ੍ਰਮਾਣਿਕਤਾ ਨੂੰ ਕਾਵਿਕ ਤੌਰ 'ਤੇ ਪ੍ਰਤਿਬਿੰਬਤ ਕਰ ਸਕਣ ਦੇ ਵੀ ਸਮਰੱਥ ਹਨ। ਮਹਾਂਕਾਵਿ ਦੀ ਥਾਂ ਉਪਨਿਆਸ ਅੱਜ ਦੇ ਮਨੁੱਖ ਦੇ ਜਟਿਲ ਅਨੁਭਵ ਦੀ ਪੇਸ਼ਕਾਰੀ ਲਈ ਸਾਰਥਕ ਰੂਪ ਵਿਧਾ ਹੈ। ਹੀਗਲ ਨੇ ਇਹ ਠੀਕ ਅਨੁਭਵ ਕੀਤਾ ਸੀ ਕਿ ਉਪਨਿਆਸ ਮਹਾਂਕਾਵਿ ਦਾ ਆਧੁਨਿਕ ਉਤਰ-ਅਧਿਕਾਰੀ ਹੈ।[1] ਲੁਕਾਚ ਦੀ ਇਹ ਧਾਰਨਾ, ਦਰੁਸਤ ਪ੍ਰਤੀਤ ਹੁੰਦੀ ਹੈ ਕਿ ਆਧੁਨਿਕ ਕਾਲ ਵਿਚ ਉਪਨਿਆਸ ਨੇ ਮਹਾਂਕਾਵਿ ਦੀ ਉਸ ਬਿਰਤਾਂਤਕ ਵਿਸ਼ੇਸ਼ਤਾ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ, ਜਿਹੜੀ ਪਦਾਰਥ ਤੇ ਆਤਮਾ, ਜੀਵਨ ਤੇ ਸਾਰ ਵਿਚ ਸਮਾਨਤਾ ਸਥਾਪਿਤ ਕਰਦੀ ਹੈ। ਇਸਨੇ ਮਹਾਂਕਾਵਿ ਦੀ ਥਾਂ ਹਾਸਲ ਕਰ ਲਈ ਹੈ ਕਿਉਂਕਿ ਆਧੁਨਿਕ ਜੀਵਨ ਦੀਆਂ ਪ੍ਰਸਥਿਤੀਆਂ ਨੇ ਹੁਣ ਮਹਾਂਕਾਵਿ ਦੀ ਰਚਨਾ ਨੂੰ ਅਸੰਭਵ ਬਣਾ ਦਿੱਤਾ ਹੈ।[2]

ਪ੍ਰਬੰਧ-ਕਾਵਿ ਦੇ ਪਤਨ ਦਾ ਵੱਡਾ ਕਾਰਨ ਸਨਅਤੀ ਸਭਿਆਚਾਰ ਦੀ ਖਪਤਕਾਰੀ ਰੁਚੀ ਹੈ। ਜਿਸ ਦੇ ਸਿੱਟੇ ਵਜੋਂ ਨਗਰੀਕਰਣ ਅਤੇ ਵਿਅਕਤੀਵਾਦ ਦਾ ਵਿਕਾਸ ਹੋਇਆ। ਇਸ ਸਥਿਤੀ ਨੇ ਮਨੁੱਖ ਸਾਹਮਣੇ ਨਵੀਆਂ ਸਮੱਸਿਆਵਾਂ ਅਤੇ ਉਨ੍ਹਾਂ ਪ੍ਰਤਿ ਨਵੀਂ ਸੋਚ ਤੇ ਨਵੇਂ ਚਿੰਤਨ ਦਾ ਰਾਹ ਖੋਲ੍ਹਿਆ। ਜ਼ਿੰਦਗੀ ਦੇ ਸਥਾਪਿਤ ਮੁੱਲਾਂ, ਮਾਨਤਾਵਾਂ, ਰੀਤੀਆਂ, ਵਿਧੀਆਂ, ਵਿਸ਼ਵਾਸਾਂ ਤੇ ਸਬੰਧਾਂ ਆਦਿ ਨੂੰ ਪੁਨਰ ਪਰਿਭਾਸ਼ਤ ਕੀਤਾ ਗਿਆ। ਸਮਾਜਕ ਆਰਥਿਕਤਾ ਦੇ ਬਦਲੇ ਪ੍ਰਸੰਗ ਵਿਚ ਨਵਾਂ ਭਾਵ ਬੋਧ ਕਲਾ ਤੇ ਸਾਹਿਤ ਦੇ ਪੂਰਵ-ਸਥਾਪਿਤ ਮਾਡਲਾਂ ਵਿਚ ਨਹੀਂ ਸੀ ਢਾਲਿਆ ਜਾ ਸਕਦਾ। ਇਸ ਲਈ ਜਿਹੜੇ ਨਵੇਂ ਕਾਵਿ ਰੂਪਾਂ ਦੀ ਤਲਾਸ਼ ਹੋਈ, ਉਨ੍ਹਾਂ ਵਿਚੋਂ ਲੰਮੀ/ਦੀਰਘ ਕਵਿਤਾ ਦਾ ਕਾਵਿ ਵਿਧਾਨ ਉਭਰਕੇ ਸਾਹਮਣੇ ਆਇਆ।

ਡਾ ਨਰੇਂਦ੍ਰ ਮੋਹਨ ਅਨੁਸਾਰ :

> ਕਵੀ ਕਰਮ ਦੀ ਨਵੀਂ ਧਾਰਣਾ ਦੇ ਪਰਿਣਾਮ ਸਰੂਪ ਅਤੇ ਪ੍ਰਸਥਿਤੀਆਂ ਤੇ ਕਵੀ ਮਨ ਦੇ ਇਕੱਠੇ ਕਿਰਿਆਤਮਕ ਹੋ ਉਠਣ ਅਤੇ ਕਿਰਿਆ-ਪ੍ਰਤਿਕਿਰਿਆ ਵਿਚ ਨਿਯੋਜਿਤ ਹੋ ਜਾਣ ਨਾਲ ਲੰਮੀ ਕਵਿਤਾ ਦੀ ਰੂਪਾਤਮਕ ਖੋਜ ਅਤੇ ਰਚਨਾਤਮਕ ਵਿਧਾਨ 'ਚ ਮਦਦ ਮਿਲੀ।[3]

ਲੰਮੀ/ਦੀਰਘ ਕਵਿਤਾ ਦੇ ਸਿਰਜਣ ਲਈ ਪ੍ਰਮੁੱਖ ਤੱਤ ਸਿਰਜਣਾਤਮਕ ਤਣਾਓ ਹੈ। ਇਹ ਤਣਾਓ ਅੱਜ ਦੇ ਪੂੰਜੀਵਾਦੀ ਸਮਾਜ ਸਭਿਆਚਾਰ ਦਾ ਇਕ ਲਾਜ਼ਮੀ ਵਰਤਾਰਾ ਹੈ, ਜਿਹੜਾ ਜੀਵਨ ਦੇ ਕਈ ਰੂਪਾਂ, ਆਯਾਮਾਂ, ਪਹਿਲੂਆਂ ਅਤੇ ਦਿਸ਼ਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਤਣਾਓ ਦੇ ਇਨ੍ਹਾਂ ਸੰਦਰਭਾਂ, ਧਰਾਤਲਾਂ, ਰੂਪਾਂ ਤੇ ਰੰਗਾਂ ਨੂੰ ਕੋਰੇ ਸੰਵੇਗ, ਆਵੇਗ ਜਾਂ ਉਤੇਜਨਾ ਵਾਲੀ ਕਵਿਤਾ ਰਾਹੀਂ ਪੇਸ਼ ਕਰਨਾ ਇਨ੍ਹਾਂ ਵਿਚਲੀ ਗੰਭੀਰਤਾ ਤੇ ਵਿਕਰਾਲਤਾ ਨੂੰ ਨਸ਼ਟ ਕਰਨ ਸਮਾਨ ਹੈ। ਇਹ ਤਣਾਓ, ਕਿਉਂਕਿ "ਵਿਅਕਤੀ ਅਤੇ ਵਿਅਕਤੀ ਦੇ ਵਿਚਕਾਰ ਹੈ; ਵਿਅਕਤੀ ਅਤੇ ਸਮਾਜ ਵਿਚਕਾਰ ਹੈ; ਆਤਮਿਕ-ਸੰਦਰਭਾਂ ਅਤੇ ਪਰਿਵੇਸ਼-ਪਰਿਸਥਿਤੀ ਦੇ ਵਿਚ ਦਾ ਹੈ; ਸੰਸਕ੍ਰਿਤੀ, ਭਾਸ਼ਾ ਅਤੇ ਰਾਜਨੀਤਕ ਸ਼ਕਤੀਆਂ ਦਾ ਹੈ; ਬੁਨਿਆਦੀ ਤੌਰ 'ਤੇ ਅਤੇ ਸਿਰਜਣਾਤਮਕ ਧਰਾਤਲਾਂ ਉਤੇ ਇਹ ਸਮਾਜਿਕ ਸਥਿਤੀ ਤੋਂ ਪ੍ਰੇਰਿਤ ਵਿਚਾਰ ਅਤੇ ਲਹੂ ਦੇ ਰਿਸ਼ਤਿਆਂ ਦਾ ਤਣਾਓ ਹੈ...ਇਕ ਕਰੂਰ ਪਰਿਸਥਿਤੀ ਵਿਚ ਜਿਉਂਦਾ ਰਹਿ ਸਕਣ ਦੀ ਤੀਬਰ ਬੇਚੈਨੀ, ਗਹਿਰੀ ਵੇਦਨਾ, ਹਰ ਜ਼ੋਖ਼ਿਮ ਉਠਾ ਕੇ ਮਾਨਵੀ ਪ੍ਰੇਮ ਦੇ ਧਰਾਤਲ ਨੂੰ ਪੁਸ਼ਟ ਕਰਦੇ ਰਹਿਣ ਦੀ ਤੀਬਰ ਇੱਛਾ ਤੋਂ ਪੈਦਾ ਹੋਇਆ ਤਣਾਓ ਹੈ ਤਣਾਓ ਦੀ ਇਸ ਵਿਵਿਧ ਧਾਰਮਿਕਤਾ ਦਾ ਨਾਂ ਹੈ ਲੰਮੀ ਕਵਿਤਾ ਜਿਹੜੀ ਮਹਿਜ਼ ਵਿਚਾਰਕਤਾ ਨਾਲ ਹੀ ਨਿਭਾਈ ਨਹੀਂ ਜਾ ਸਕਦੀ ਅਤੇ ਨਾ ਹੀ ਸੰਵੇਗ ਆਵੇਗ ਜਾਂ ਉਤੇਜਨਾ ਨਾਲ।[4]

ਲੰਮੀ/ਦੀਰਘ ਕਵਿਤਾ ਦੇ ਸਬੰਧ ਵਿਚ ਡਾ ਰਾਮਦਰਸ਼ ਮਿਸ਼ਰ ਦਾ ਵਿਚਾਰ ਹੈ:

> ਲੰਮੀ ਕਵਿਤਾ ਉਹ ਹੈ ਜਿਹੜੀ ਲੰਮੀ ਹੋਵੇ ਅਤੇ ਅੱਜ ਦੇ ਜੀਵਨ ਦੇ ਕਈ ਘੁੰਮਣਦਾਰ ਮੋੜਾਂ ਵਿਚਦੀ ਗੁਜ਼ਰਦੀ ਹੋਈ ਇਕ ਜਟਿਲ ਯਥਾਰਥ ਦਾ ਬੋਧ ਅਤੇ ਅਨੁਭੂਤੀ ਉਭਾਰਦੀ ਹੋਵੇ। ਉਹ ਆਪਣੇ ਸਫ਼ਲ ਰੂਪ ਵਿਚ ਸੁਤੰਤਰ ਇਕਾਈ ਕਹੀ ਜਾ ਸਕਦੀ ਹੈ।[5]

ਡਾ ਬਲਦੇਵ ਵੰਸ਼ੀ ਨੇ ਲੰਮੀ ਕਵਿਤਾ ਦਾ ਵਿਚਾਰਿਕ ਦ੍ਰਿਸ਼ਟੀਕੋਣ ਤੋਂ ਚਿੰਤਨ ਕਰਦੇ ਹੋਏ ਲਿਖਿਆ ਹੈ:

> ਲੰਮੀ ਕਵਿਤਾ ਆਪਣੀ ਪ੍ਰਕਿਰਤੀ, ਰੂਪ ਅਤੇ ਚਰਿਤ੍ਰਗਤ ਵਸ਼ਿਸ਼ਟਤਾ ਵਿਚ ਸੰਜਮ, ਬਹੁ-ਆਯਾਮੀ, ਵਿਆਪਕ ਦ੍ਰਿਸ਼, ਵਾਲੀ ਅਜਿਹੀ ਦੀਰਘ ਰਚਨਾ ਹੈ ਜਿਹੜੀ ਵਿਚਾਰ ਦ੍ਰਿਸ਼ਟੀ ਅਤੇ ਸੰਵੇਦਨਾਤਮਕ ਧਰਾਤਲ ਉਤੇ ਪਰਿਵੇਸ਼ ਨਾਲ ਵਿਸ਼ਾਲ ਸਰੋਕਾਰ ਰੱਖਦੀ ਹੈ। ਜਟਿਲ ਯਥਾਰਥ ਦੇ ਗਤੀਸ਼ੀਲ ਰੂਪਾਂ ਨੂੰ ਵਿਚਾਰਕ ਅਨੁਭੂਤੀ ਦੀਆਂ ਸੰਸ਼ਲਿਸ਼ਟ ਬਨਾਵਟਾਂ ਨੂੰ ਉਨ੍ਹਾਂ ਦੀ ਤੀਬਰਤਾ ਵਿਚ ਪਕੜਨ ਦੀ ਬੇਚੈਨੀ ਹੈ।[6]

ਡਾ ਬਲਦੇਵ ਵੰਸ਼ੀ ਦੀ ਪਰਿਭਾਸ਼ਾ ਅਨੁਸਾਰ ਲੰਮੀ ਕਵਿਤਾ ਦਾ ਕਥ ਦੀਰਘ, ਵਿਆਪਕ ਅਤੇ ਬਹੁ-ਆਯਾਮੀ ਹੁੰਦਾ ਹੈ ਪਰੰਤੂ ਉਸ ਵਿਚ ਖੰਡਿਤ ਨਾ ਹੋ ਕੇ ਇਹ ਇਕਸੂਤਰਤਾ ਵਿਚ ਬੰਨ੍ਹਿਆ ਹੁੰਦਾ ਹੈ। ਲੰਮੀ ਕਵਿਤਾ ਦਾ ਪੂਰਾ ਰੂਪ-ਵਿਧਾਨ ਅਸੰਗਤੀਆਂ, ਅਮਾਨਵੀਅਤਾਂ ਅਤੇ ਨਿਰਾਥਕਤਾਵਾਂ ਨਾਲ ਜੂਝਣ ਦੀਆਂ ਨਾਕਾਮ ਕੋਸ਼ਿਸ਼ਾਂ ਨਾਲ ਬਣਦਾ ਹੈ। ਇਨ੍ਹਾਂ ਅਰਥਾਂ ਵਿਚ ਲੰਮੀ ਕਵਿਤਾ ਆਧੁਨਿਕ ਭਾਵ ਪੂੰਜੀਵਾਦ ਸਮਾਜ ਦੇ ਅੰਤਰ-ਵਿਰੋਧਾਂ ਦੀ ਕਵਿਤਾ ਹੈ। ਲੰਮੀ ਕਵਿਤਾ ਦਾ ਸ਼ਿਲਪ ਲਗਾਤਾਰ ਅਤੇ ਆਤੰਕਮਈ ਚੀਕ ਵਰਗਾ ਹੋ ਸਕਦਾ ਹੈ; ਅਸਬੰਧਿਤ ਤੇ ਅਸੰਗਤ ਬਿੰਬਾਂ ਤੇ ਦ੍ਰਿਸ਼ ਖੰਡਾਂ ਦੀ ਤਰਕਹੀਨ ਚਿਤ੍ਰ ਯੋਜਨਾ ਵਾਂਗ ਹੋ ਸਕਦਾ ਹੈ; ਕਿਸੇ ਅਰਧ ਪਾਗਲ ਵਿਅਕਤੀ ਦੇ ਅਵਚੇਤਨ ਵਿਚ ਬਣਦੀਆਂ ਬਿਖਰਦੀਆਂ ਖੰਡਿਤ ਪਰਛਾਈਆਂ ਵਾਂਗ ਹੋ ਸਕਦਾ ਹੈ; ਆਵੇਗ ਅਤੇ ਆਵੇਸ਼ ਵਿਚ ਵਲ ਖਾਂਦੀਆਂ ਲਹਿਰਾਂ ਵਾਂਗ ਹੋ ਸਕਦਾ ਹੈ ਅਤੇ ਆਕ੍ਰੋਸ਼ ਵਿਚ ਜਲਦੇ ਵਿਅਕਤੀ ਮਨ ਦੇ ਨਿਪੁੰਸਕ ਕ੍ਰੋਧ ਦੀ ਅਨਿਵਾਰਯ ਦੀ ਅਭਿਵਿਅਕਤੀ ਵਾਂਗ ਹੋ ਸਕਦਾ ਹੈ ਅਤੇ ਕਿਸੇ ਸਨਕੀ ਦੇ ਬੀਮਾਰ ਮਨ ਦੇ ਕਠੋਰ ਤੇ ਤੇਜ਼ਾਬੀ ਵਿਅੰਗ ਵਰਗਾ ਹੋ ਸਕਦਾ ਹੈ। ਕੁਲ ਮਿਲਾ ਕੇ ਲੰਮੀ-ਕਵਿਤਾ ਦੀ ਅੰਤਰ-ਵਸਤੂ 'ਪ੍ਰੋਟੈਸਟ' ਅਸਹਿਮਤੀ, ਅਨੁਦਾਰਤਾ ਦੀ ਹੁੰਦੀ ਹੈ ਅਤੇ ਉਸ ਦਾ ਰੂਪ ਅਨਘੜ, ਅਸਹਿਜ, ਅਸੰਸਕ੍ਰਿਤ ਅਤੇ ਆਪਣੇ ਆਪ ਪ੍ਰਗਟ ਹੋਇਆ ਹੁੰਦਾ ਹੈ। ਲੰਮੀ ਕਵਿਤਾ ਦਾ ਸਮੁੱਚਾ ਵਿਧਾਨ ਵਸਤੂ-ਜਗਤ ਦੀ ਸੰਸ਼ਲਿਸ਼ਟ ਜਟਿਲ ਪ੍ਰੰਤੂ ਤ੍ਰਾਸਦ ਸਥਿਤੀ ਦੇ ਅਸਵੀਕਾਰ ਦੀ ਵਿਸਫੋਟਕ ਦੀਰਘ ਅਤੇ ਸਮਾਨ ਰੂਪੀ ਨਾਲ ਜਟਿਲ ਅਤੇ ਸੰਸ਼ਲਿਸ਼ਟ ਕਾਵਿ-ਅਭਿਵਿਅਕਤੀ ਹੈ।[7]

## ਲੰਮੀ/ਦੀਰਘ ਕਵਿਤਾ: ਆਧੁਨਿਕ ਕਾਵਿ ਮਾਧਿਅਮ

ਜਿਵੇਂ ਅਸੀਂ ਪਹਿਲਾਂ ਕਹਿ ਆਏ ਹਾਂ ਕਿ ਨਵੇਂ ਯੁਗ ਬੋਧ ਅਤੇ ਜੀਵਨ ਪ੍ਰਸਥਿਤੀਆਂ ਦੇ ਆਧੁਨਿਕ ਅਨੁਭਵ ਤੇ ਚੇਤਨਤਾ ਦੇ ਪ੍ਰਮਾਣਿਕ ਪਾਸਾਰਾਂ ਨੇ ਅਜੋਕੇ ਰਚਨਾਕਾਰਾਂ ਨੂੰ ਨਵੀਂ ਰਚਨਾਤਮਕ ਸ਼ਕਤੀ ਪ੍ਰਦਾਨ ਕੀਤੀ ਹੈ। ਨਵੀਨ ਅਨੁਭਵ ਪ੍ਰਣਾਲੀਆਂ ਅਤੇ ਰੂਪ-ਵਿਧਾਨ ਦੀ ਵਰਤੋਂ ਲਈ ਪਰੰਪਰਾਗਤ ਅਨੁਭਵ ਅਤੇ ਰਚਨਾ-ਜੁਗਤਾਂ ਵਿਚ ਜੋ ਟੁੱਟ ਭੱਜ ਹੋਈ, ਉਸ ਵਿਚੋਂ ਲੰਮੀ ਕਵਿਤਾ ਦਾ ਜਨਮ ਹੋਇਆ। ਇਹ ਕਵਿਤਾ ਆਧੁਨਿਕ ਮਨੁੱਖ ਦੀ ਆਤਮਪਰਕ ਸੰਵੇਦਨਾ ਦੇ ਰਚਨਾਤਮਕ ਪ੍ਰਕਾਸ਼ ਵੱਲ ਤੁਰਦੀ ਹੈ। ਇਸ ਪ੍ਰਕਿਰਿਆ ਵਿਚ ਹੀ ਲੰਮੀ/ਦੀਰਘ ਕਵਿਤਾ ਦੇ ਰੂਪਾਤਮਕ ਸੂਤਰ ਆਧੁਨਿਕ ਚੇਤਨਤਾ ਦੇ ਵਿਆਪਕ ਰਚਨਾਤਮਕ ਸੰਦਰਭਾਂ ਵਿਚ ਨਿਸ਼ਚਿਤ ਹੁੰਦੇ ਹਨ, ਜਿਹੜੇ ਆਧੁਨਿਕ ਯਥਾਰਥ ਦੀ ਵਿਆਪਕ ਅਵਿਵਸਥਾ (ਫੀਰਤ) ਅਤੇ ਇਸ ਦੇ ਸਨਮੁੱਖ ਮਨੁੱਖੀ ਚੇਤਨਾ ਦੇ ਸਹਿਮ (ਅਪਤਵ) ਦੇ ਰਚਨਾਤਮਕ ਅਭਿਵਿਅੰਜਨ ਦੀ ਸਾਧਨਾ ਕਰਦੇ ਪ੍ਰਤੀਤ ਹੁੰਦੇ ਹਨ। ਜਾਰਜ ਲੂਕਾਚ ਅਨੁਸਾਰ 'ਅਵਿਵਸਥਾ ਤੇ ਸਹਿਮ' ਆਧੁਨਿਕ ਵਿਸ਼ਵ ਦ੍ਰਿਸ਼ਟੀ ਦੇ ਅਨਿਵਾਰੀ ਤੱਤ ਹਨ। ਲੂਕਾਚ ਦਾ ਕਥਨ ਹੈ:

> ਅਵਿਵਸਥਾ ਅਤੇ ਸਹਿਤ ਉਤੇ ਆਧਾਰਿਤ ਵਿਸ਼ਵ-ਦ੍ਰਿਸ਼ਟੀ ਸਭ ਸਮਾਜਿਕ ਕੋਟੀਆਂ ਨੂੰ ਅਨੁਭਵ ਵਿਚੋਂ ਖਾਰਿਜ ਕਰ ਦੇਣ ਦੀ ਗੱਲ ਪਹਿਲਾਂ ਸਿਖਕੇ ਤੁਰਦੀ ਹੈ। ਵਸਤੂ-ਯਥਾਰਥ ਦਾ ਆਤਮੀਕਰਣ ਹੁੰਦਾ ਹੈ ਅਤੇ ਇਸ ਨੂੰ ਇਤਿਹਾਸਕਤਾ ਤੋਂ ਵੰਚਿਤ ਕਰ ਦਿੱਤਾ ਜਾਂਦਾ ਹੈ।[8]

ਲੂਕਾਚ ਅਨੁਸਾਰ ਆਧੁਨਿਕ ਚਿੰਤਨ ਵਿਚ 'ਸਹਿਮ' ਦਾ ਸਥਾਨ 'ਅਵਿਵਸਥਾ' ਤੋਂ ਪਹਿਲਾਂ ਹੈ। 'ਅਵਿਵਸਥਾ' 'ਸਹਿਮ' ਦਾ ਪਰਿਣਾਮ ਹੈ ਅਤੇ 'ਸਹਿਮ' 'ਅਵਿਵਸਥਾ' ਦੇ ਸਮਾਜਕ ਅਨੁਭਵ ਦੀ ਉਪਜ ਹੈ।[9] ਸਮਾਜਕ ਜੀਵਨ ਦੇ ਅੰਤਰ ਵਿਰੋਧ ਆਧੁਨਿਕ ਮਨੁੱਖੀ ਚੇਤਨਾ ਵਿਚ ਵਿਕਰਾਲ ਯਥਾਰਥ ਦੇ ਰੂਪ ਵਿਚ ਫੈਲਦੇ ਹਨ। ਇਸ ਪਾਸੇ ਮਨੁੱਖ ਦੀਆਂ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਕੀਤੀਆਂ ਪ੍ਰਾਪਤੀਆਂ ਦਾ ਗੌਰਵ ਹੈ ਪਰ ਦੂਜੇ ਪਾਸੇ ਉਹ ਤਬਾਹੀਕੁੰਨ ਪਦਾਰਥਾਂ ਦੀ ਸਿਰਜਣਾ ਦੇ ਢੇਰ ਹਨ, ਜਿਹੜੇ ਮਿੰਟਾਂ-ਸਕਿੰਟਾਂ ਵਿਚ ਮਨੁੱਖਤਾ ਦਾ ਸਰਵਨਾਸ਼ ਕਰ ਸਕਦੇ ਹਨ। ਅਜੋਕੇ ਪੂੰਜੀਵਾਦੀ ਜਾਂ ਨਵ-ਸਾਮਰਾਜਵਾਦ ਦਾ ਚਿਹਰਾ ਬਾਹਰੋਂ ਮਖੌਟਾ ਰੂਪ ਵਿਚ ਤਾਂ ਬੜਾ ਲੁਭਾਊ ਹੈ ਪਰੰਤੂ ਇਸ ਚਿਹਰੇ ਦਾ ਅਸਲਸਾਰ ਮਨੁੱਖੀ-ਖੁਸ਼ਹਾਲੀ ਦੀਆਂ ਸਮੂਹ ਸ਼ਕਤੀਆਂ ਨੂੰ ਆਪਣੇ ਸਵਾਰਥ ਲਈ ਵਰਤਦਾ ਹੈ।

ਕਵੀ-ਵਿਅਕਤੀਤਵ ਦੀਆਂ ਸੰਭਾਵਨਾਵਾਂ ਇਤਿਹਾਸ, ਲੋਕ-ਜੀਵਨ ਅਤੇ ਸਮਾਜਕ ਪਰਿਵੇਸ਼ ਦੇ ਦਬਾਅ ਦੁਆਰਾ ਨਿਰਮਤ ਹੁੰਦੀਆਂ ਹਨ। ਜਦੋਂ ਇਸ ਦਬਾਅ ਦਾ ਜ਼ੋਰ ਪ੍ਰਤੱਖ ਹੁੰਦਾ ਹੈ ਤਾਂ ਸਾਹਿਤ ਵਿਚ ਵੀ ਬਦਲਾਅ ਪ੍ਰਤੱਖ ਨਜ਼ਰ ਆਉਂਦਾ ਹੈ। ਸਾਹਿਤ ਵਿਚ ਆਇਆ ਇਹ ਬਦਲਾਅ ਵਸਤੂ, ਰੂਪ ਤੇ ਦ੍ਰਿਸ਼ਟੀ-ਤਿੰਨਾਂ ਪੱਖਾਂ ਦਾ ਸਿਰਜਨਾਤਮਕ ਉਤਪਾਦਨ ਤੇ ਵਿਧਾਨ ਆਧੁਨਿਕਤਾ ਦੇ ਉਪਰਕੋਤ ਬਦਲਾਅ ਦਾ ਹੀ ਪ੍ਰਤਿਫਲ ਹੈ।

## ਲੰਮੀ/ਦੀਰਘ ਕਵਿਤਾ ਦਾ ਰੂਪਾਕਾਰਕ ਸੰਗਠਨ

ਅਸੀਂ ਆਪਣੇ ਅਧਿਐਨ ਵਿਚ ਵੇਖਿਆ ਹੈ ਕਿ ਲੰਮੀ ਕਵਿਤਾ ਸ਼ਿਲਪ ਤੇ ਵਸਤੂ ਦੇ ਧਰਾਤਲ ਉੱਤੇ ਨਿਸ਼ਚਿਤ ਰੂਪ ਵਿਚ ਪਰੰਪਰਾਗਤ ਤੇ ਪ੍ਰਚਲਿਤ ਕਾਵਿ-ਰੂਪਾਂ ਤੋਂ ਇਕ ਵੱਖਰੀ ਕਾਵਿ-ਵਿਧਾ ਹੈ। ਇਸ ਦੀ ਰੂਪ-ਰਚਨਾ ਨੂੰ ਨਿਰਮਤ ਕਰਨ ਵਿਚ ਜੋ ਤੱਤ ਸਹਾਇਕਾ ਹਨ, ਉਹ ਇਸ ਤਰ੍ਹਾਂ ਹਨ-ਦੀਰਘਤਾ, ਨਾਟਕੀਅਤਾ, ਇਕਸੂਤਰਤਾ, ਵਿਚਾਰ ਤੱਤ ਅਤੇ ਸਿਰਜਨਾਤਮਕ ਤਣਾਓ।

**ਦੀਰਘਤਾ** : ਲੰਮੀ ਕਵਿਤਾ ਸ਼ਬਦ ਵਿਚ 'ਲੰਮੀ' ਵਿਸ਼ੇਸ਼ਣ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਅਜਿਹੀ ਕਵਿਤਾ ਜੋ ਜ਼ਿਆਦਾ ਲੰਮੀ ਹੈ ਪਰ ਇਥੇ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਲੰਮੀ ਕਵਿਤਾ ਦੀ ਦੀਰਘਤਾ ਦਾ ਅਰਥ ਕੇਵਲ ਵਿਸਤਾਰ ਜਾਂ ਫੈਲਾਅ ਨਹੀਂ ਹੈ। ਲੰਮੀ/ਦੀਰਘ ਕਵਿਤਾ ਉਦੋਂ ਤਕ ਨਹੀਂ ਬਣਦੀ ਜਦੋਂ ਤਕ ਉਸ ਵਿਚ ਕ੍ਰਮਬੱਧਤਾ ਤੇ ਸਬੰਧਤਤਾ ਨੂੰ ਸਿਰਜਣਾਤਮਕ ਧਰਾਤਲ ਉਤੇ ਅੰਤਰ-ਸੰਬੰਧਿਤ ਕਰਨ ਵਾਲਾ ਕੋਈ ਸੂਤਰ, ਵਿਚਾਰ ਜਾਂ ਬਿੰਬ ਨਾ ਹੋਵੇ। ਇਹ ਸੂਤਰ, ਵਿਚਾਰ ਜਾਂ ਬਿੰਬ ਪਰਿਵੇਸ਼ਗਤ ਸੰਦਰਭਾਂ ਅਤੇ ਪ੍ਰਸ਼ੰਸਾ ਨੂੰ ਨਾਲ ਲੈ ਕੇ ਬਾਹਰੀ ਅਤੇ ਜੀਵਨ ਅਨੁਭਵ ਦੇ ਆਂਤਰਿਕ ਦਵੰਦ ਦੇ ਟਕਰਾਵਾਂ ਵਿਚੋਂ ਵਿਸਤਾਰ ਗ੍ਰਹਿਣ ਕਰਦੇ ਹਨ। ਲੰਮੀ ਕਵਿਤਾ ਦੇ ਕਥਾਨਕ ਜਾਂ ਕਿਸੇ ਕੇਂਦਰੀ ਪਾਤਰ ਦੀ ਉਪਸਥਿਤੀ ਰਾਹੀਂ ਇਸ ਦੇ ਵਿਸਤਾਰ ਨੂੰ ਨਹੀਂ

ਵਧਾਇਆ ਜਾ ਸਕਦਾ ਸਗੋਂ ਕਿਸ ਕਾਰਜ ਨੂੰ ਵਿਚਾਰ, ਸੰਵੇਦਨਾ, ਮਿਥਕ, ਬਿੰਬ ਅਤੇ ਫਤਾਂਸੀ ਦੇ ਸੰਤੁਲਨ ਰਾਹੀਂ ਹੀ ਇਸ ਦੀ ਵਸਤੂ ਨੂੰ ਬੁਧਿਆ ਤੇ ਫੈਲਾਇਆ ਜਾਂਦਾ ਹੈ।

ਲੰਮੀ ਕਵਿਤਾ ਦੀ ਵਸਤ ਸਮਕਾਲੀਨ ਜੀਵਨ ਦੇ ਸਮਾਜਕ, ਆਰਥਕ, ਰਾਜਨੀਤਕ, ਸਾਂਸਕ੍ਰਿਤਕ ਦਾਰਸ਼ਨਿਕ ਆਦਿ ਪੱਖਾਂ ਨਾਲ ਜੁੜੀ ਹੋ ਸਕਦੀ ਹੈ। ਇਸ ਨੂੰ ਇਤਿਹਾਸਕ, ਅਨੁਭਵ, ਸਿਮ੍ਰਤੀ ਜਾਂ ਕਲਪਨਾ ਦੇ ਆਧਾਰ 'ਤੇ ਬੁਣਿਆ ਜਾ ਸਕਦਾ ਹੈ। ਨਰੇਂਦ੍ਰ ਮੋਹਨ ਅਨੁਸਾਰ ਲੰਮੀ ਕਵਿਤਾ ਵਿਚ ਕਥਾਵਾਂ-ਸੰਦਰਭਾਂ, ਸੰਕੇਤਾਂ ਪ੍ਰਸੰਗਾਂ ਅਤੇ ਉਦਾਹਰਣਾਂ ਦਾ ਚਿਤਰਣ ਹੁੰਦਾ ਹੈ ਪਰ ਇਹ ਸਮੂਹ ਪ੍ਰਸੰਗ ਅਤੇ ਸੰਦਰਭ ਅੰਤਰ-ਸੰਯੋਜਿਤ ਹੋ ਕੇ ਕਵਿਤਾ ਦੀ ਮੂਲ-ਸੰਵੇਦਨਾ ਨੂੰ ਗਹਿਰਾਈ ਦੇਣ ਵਿਚ ਸਹਾਇਕ ਹੁੰਦੇ ਹਨ। ਉਨ੍ਹਾਂ ਦੀ ਸੱਤਾ ਤੇ ਚਮਕ ਵੱਖਰੀ ਨਜ਼ਰ ਆਉਂਦੀ।[10]

ਲੰਮੀ ਕਵਿਤਾ ਵਿਚ ਅੰਤ ਦਾ ਵਿਸ਼ੇਸ਼ ਮਹੱਤਵ ਹੈ। ਲੰਮੀ ਕਵਿਤਾ ਯਥਾਰਥ ਬੋਧ ਅਤੇ ਸਰੰਚਨਾ, ਦੋਨਾਂ ਪੱਧਰਾਂ 'ਤੇ ਅੰਤਹੀਣ ਵੀ ਹੋ ਸਕਦੀ ਹੈ। ਮੁਕਤੀਬੋਧ ਨੇ ਯਥਾਰਥ ਦੇ ਗਤੀਸ਼ੀਲ ਤੱਤਾਂ ਦੇ ਦ੍ਰਿਸ਼ਟੀਕੋਣ ਤੋਂ ਲੰਮੀ ਕਵਿਤਾ ਦੀ ਸੰਰਚਨਾ ਵੱਲ ਸੰਕੇਤ ਕਰਦੇ ਲਿਖਿਆ ਹੈ:

> ਯਥਾਰਥ ਦੇ ਤੱਤ ਪਰਸਪਰ ਸੰਬੰਧਿਤ ਹੁੰਦੇ ਹਨ। ਨਾਲ ਹੀ ਪੂਰਾ ਯਥਾਰਥ ਗਤੀਸ਼ੀਲ ਹੁੰਦਾ ਹੈ। ਅਭਿਵਿਅਕਤੀ ਦਾ ਵਿਸ਼ਾ ਬਣਕੇ ਜਿਹੜਾ ਯਥਾਰਥ ਪ੍ਰਸਤੁਤ ਹੁੰਦਾ ਹੈ ਉਹ ਵੀ ਅਜਿਹਾ ਹੀ ਗਤੀਸ਼ੀਲ ਹੈ ਅਤੇ ਉਸਦੇ ਤੱਤ ਵੀ ਪਰਸਪਰ ਸੰਬੰਧਿਤ ਹਨ। ਇਹੀ ਕਾਰਣ ਹੈ ਕਿ ਮੈ ਛੋਟੀਆਂ ਕਵਿਤਾਵਾਂ ਲਿਖ ਨਹੀਂ ਸਕਦਾ ਅਤੇ ਜਿਹੜੀ ਛੋਟੀ ਹੁੰਦੀ ਹੈ ਉਹ ਅਸਲ ਵਿਚ ਛੋਟੀ ਨਾ ਹੋ ਕੇ ਅਧੂਰੀ ਹੁੰਦੀ ਹੈ।[11]

ਲੰਮੀ ਕਵਿਤਾ ਕਿਉਂਕਿ ਨਾ ਤਾਂ ਇਤਿਹਾਸ ਦੀ ਪੁਨਰ-ਸਿਰਜਨਾ ਹੈ ਅਤੇ ਨਾ ਹੀ ਵਰਤਮਾਨ ਦਾ ਉਰਾਵਾਰ ਵਰਣਨ ਅਤੇ ਨਾ ਹੀ ਭਵਿੱਖ ਦੀ ਆਕਾਸ਼ਵਾਣੀ ਹੈ। ਯਥਾਰਥ ਦੀ ਗਤੀਸ਼ੀਲਤਾ ਦੇ ਸਮਾਨ ਉਸਦਾ ਅੰਤ ਵੀ ਗਤੀਸ਼ੀਲ ਹੀ ਹੁੰਦਾ ਹੈ। ਲੰਮੀ ਕਵਿਤਾ ਦਾ ਕੋਈ ਆਦਿ ਜਾਂ ਅੰਤ ਨਹੀਂ ਹੁੰਦਾ। ਇਸ ਦਾ ਕਾਰਣ ਇਹ ਹੈ ਕਿ ਲੰਮੀ ਕਵਿਤਾ ਵਰਤਮਾਨ ਨੂੰ ਉਸਦੀ ਸਮੱਗਰਤਾ ਵਿਚ ਚਿਤ੍ਰਤ ਕਰਦੀ ਹੈ ਜਦੋਂ ਕਿ ਉਸ ਸਮੱਗਰਤਾ ਦਾ ਇਕ ਦੌਰ ਅਤੀਤ ਵਿਚ ਹੁੰਦਾ ਹੈ ਅਤੇ ਇਕ ਵਰਤਮਾਨ ਵਿਚ। ਇਨ੍ਹਾਂ ਤਿੰਨਾਂ ਦੀ ਸਥਿਤੀ ਲਗਾਤਾਰ ਪਰਿਵਰਤਿਤ ਹੁੰਦੀ ਰਹਿੰਦੀ ਹੈ। ਵਰਤਮਾਨ ਲਗਾਤਾਰ ਅਤੀਤ ਵਿਚ ਅਤੇ ਭਵਿੱਖ ਵਿਚ ਉਸੇ ਗਤੀ ਨਾਲ ਵਰਤਮਾਨ ਵਿਚ ਰੂਪਾਂਤ੍ਰਿਤ ਹੁੰਦਾ ਹੈ। ਕਾਲ ਅਤੇ ਗਤੀ ਦੇ ਸੰਦਰਭ ਵਿਚ ਕਾਵਿ-ਵਸਤੂ ਦੀ ਇਹ ਪਹਿਚਾਣ ਰਚਨਾ ਨੂੰ ਜੀਵਨ ਦੀ ਨਿਰੰਤਰਤਾ ਦੇ ਪ੍ਰਸੰਗ ਵਿਚ ਹੀ ਸਾਰਥਕਤਾ ਦੇ ਸਕਦੀ ਹੈ।

ਇਸ ਪ੍ਰਕਾਰ ਲੰਮੀ/ਦੀਰਘ ਕਵਿਤਾ ਆਕਾਰ ਦੀ ਦ੍ਰਿਸ਼ਟੀ ਤੋਂ ਲੰਮੀ ਹੋ ਸਕਦੀ ਹੈ ਪਰੰਤੂ ਉਸ ਦੀ ਦੀਰਘਤਾ ਅਨਿਯੰਤ੍ਰਿਤ ਅਤੇ ਅਰਾਜਕਤਾ ਵਾਲੀ ਨਹੀਂ ਹੁੰਦੀ। ਸੰਰਚਨਾਤਮਕ ਪੱਧਰ 'ਤੇ ਲੰਮੀ/ਦੀਰਘ ਕਵਿਤਾ ਸੰਗਠਿਤ ਹੁੰਦੀ ਹੈ।

**ਨਾਟਕੀਅਤਾ** : ਲੰਮੀ ਕਵਿਤਾ ਦੇ ਰਚਨਾ-ਵਿਧਾਨ ਦਾ ਜ਼ਰੂਰੀ ਲੱਛਣ ਹੈ ਨਾਟਕੀਅਤ। ਇਸ ਤੋਂ ਬਿਨਾਂ ਅੱਜ ਦੇ ਜੀਵਨ ਦੀਆਂ ਅੰਤਰ-ਵਿਰੋਧਾਂ ਨਾਲ ਭਰੀਆਂ ਸਥਿਤੀਆਂ ਉਜਾਗਰ ਨਹੀਂ ਹੋ ਸਕਦੀਆਂ।

> ਸਥਿਤੀਆਂ ਦੇ ਪਿਛੋਕੜ ਦੀਆਂ ਸਥਿਤੀਆਂ, ਵਿਚਾਰ, ਮਾਨਸਿਕ-ਆਤਮਿਕ ਕਿਰਿਆਵਾਂ-ਪ੍ਰਤਿਕਿਰਿਆਵਾਂ ਨੂੰ ਅਭਿਵਿਅਕਤ ਕਰਨ ਲਈ ਨਾਟਕੀ ਵਿਧਾਨ ਲੰਮੀ ਕਵਿਤਾ ਦੀ ਲਾਜ਼ਮੀ ਸੰਰਚਨਾ ਮੰਨਿਆ ਜਾ ਸਕਦਾ ਹੈ।[12]

ਮਨੁੱਖ ਦੇ ਕਰਮ ਅਤੇ ਵਿਹਾਰ ਨੂੰ ਨਾਟਕੀ ਵਿਧਾਨ ਰਾਹੀਂ ਪ੍ਰਸਤੁਤ ਕਰਕੇ ਸਥਿਤੀਆਂ ਦਾ ਬੋਧ ਕਰਵਾਇਆ ਜਾ ਸਕਦਾ ਹੈ। ਇਸ ਵਿਚ ਨਾਟਕੀ ਸੰਵਾਦਾਂ ਦੀ ਯੋਜਨਾ ਵਿਸ਼ੇਸ਼ ਤੌਰ 'ਤੇ ਕਾਰਗਰ ਹੋ ਸਕਦੀ ਹੈ। ਲੰਮੀ ਕਵਿਤਾ ਦੇ ਡੂੰਘੇ ਕਲਾਤਮਕ ਸੰਜਮ ਦੀ ਜੋ ਲੋੜ ਹੈ, ਉਹ ਵੀ ਨਾਟਕੀ ਵਿਧਾਨ ਦੁਆਰਾ ਪ੍ਰਭਾਵੀ ਤੌਰ 'ਤੇ ਸੰਪੰਨ ਬਣਾਈ ਜਾ ਸਕਦੀ ਹੈ। ਬਲਦੇਵ ਵੰਸ਼ੀ ਅਨੁਸਾਰ ਯੁਗੀਨ ਯਥਾਰਥ ਦੇ ਬਹੁ ਰੂਪੀਣ ਦੇ ਮਖੋਟਿਆਂ ਨੂੰ ਉਤਾਰਨ ਲਈ ਨਾਟਕੀ ਸੰਰਚਨਾ ਹੀ ਕਾਰਗਰ ਸਿੱਧ ਹੋ ਸਕਦੀ ਹੈ।[13]

ਲੰਮੀ ਕਵਿਤਾ ਵਿਚ ਨਾਟਕੀਅਤ ਦਾ ਸੰਯੋਜਨ ਦ੍ਰਿਸ਼ਟੀਕੋਣਾਂ ਦੇ ਟਕਰਾਉ ਦੇ ਮਾਧਿਅਮ ਦੁਆਰਾ ਹੁੰਦਾ ਹੈ। ਵਾਸਤਵ ਵਿਚ ਲੰਮੀ ਕਵਿਤਾ ਵਿਚ ਨਾਟਕੀਅਤਾ ਦਾ ਸੰਚਾਲਨ ਕਵਿਤਾ ਖ਼ੁਦ ਹੀ ਕਰਦੀ ਹੈ। ਲੰਮੀ ਕਵਿਤਾ ਨੂੰ ਪੜ੍ਹਦੇ ਹੋਏ ਮੰਚ ਦੀ ਅਨੁਭੂਤੀ ਹੁੰਦੀ ਰਹਿੰਦੀ ਹੈ। ਇਹ ਅਨੁਭੂਤੀ ਕਦੇ ਚਰਿੱਤਰ ਅਤੇ ਕਦੇ ਉਕਤੀਆਂ ਦੇ ਮਾਧਿਅਮ ਦੁਆਰਾ ਪਾਠਕ ਆਪਣੇ ਦਿਮਾਗ ਵਿਚ ਅਨੁਭਵ ਕਰਦਾ ਹੈ। ਅਸਲ ਵਿਚ ਲੰਮੀ

ਕਵਿਤਾ ਵਿਚ ਨਾਟਕੀਅਤਾ ਦਾ ਅਰਥ ਇਹ ਹੈ ਕਿ ਪਾਠਕ ਇਸ ਕਵਿਤਾ ਦਾ ਪਾਠ ਕਰਦੇ ਹੋਏ ਉਸਦੇ ਕੇਂਦਰੀ ਪਾਤਰ ਵਿਚਾਰ, ਕੇਂਦਰੀ ਮਨੋਦਸ਼ਾ ਦੇ ਬਹੁਤ ਹੀ ਨੇੜੇ ਹੋ ਜਾਂਦਾ ਹੈ ਅਤੇ ਸਾਰੇ ਦ੍ਰਿਸ਼ ਉਸ ਦੀ ਕਲਪਨਾ ਦੁਆਰਾ ਅੱਖਾਂ ਅੱਗੇ ਇਕ ਤਰ੍ਹਾਂ ਨਾਲ ਸਾਕਾਰ ਹੁੰਦੇ ਲੱਗਦੇ ਹਨ। ਡਾ ਬਲਦੇਵ ਵੰਸ਼ੀ ਅਨੁਸਾਰ:

> ਆਧੁਨਿਕ ਗਤੀਸ਼ੀਲਤਾ ਅਤੇ ਲਗਾਤਾਰ ਪਰਿਵਰਤਿਤ ਹੁੰਦੇ ਯਥਾਰਥ ਨੂੰ ਪਕੜਨ ਦੀ ਵਿਧੀ ਲਚਕੀਲੀ ਹੁੰਦੀ ਹੈ। ਲਚਕੀਲੇ ਪਾਤਰ, ਸਥਿਤੀਆਂ, ਸਬੰਧਾਂ, ਸੰਵਾਦਾਂ ਦੇ ਆਪਸੀ ਟਕਰਾਵਾਂ ਦਾ ਨਿਰੂਪਨ ਨਾਟਕੀ ਰੂਪ ਵਿਚ ਹੁੰਦਾ ਹੈ ਤਾਂ ਜਾਂ ਸਥਿਤੀਆਂ ਦੇ ਪਿੱਛੇ ਦੀਆਂ ਸਥਿਤੀਆਂ, ਚਿਹਰਿਆਂ ਦੇ ਪਿੱਛੇ ਛੁਪੇ ਅਸਲੀ ਚਿਹਰੇ ਅਤੇ ਆਸ਼ਾਵਾਂ ਨੂੰ ਨਗਨ ਰੂਪ ਵਿਚ ਸਾਹਮਣੇ ਲਿਆਂਦਾ ਜਾ ਸਕੇ।[14]

ਲੰਮੀ ਕਵਿਤਾ ਦਾ ਮੰਚੀਕਰਣ ਹੋਣਾ ਉਸਦੀ ਨਾਟਕੀਅਤਾ ਦਾ ਪ੍ਰਮਾਣ ਨਹੀਂ, ਇਹ ਤਾਂ ਸਗੋਂ ਪਾਠਕ ਦੇ ਮਨ ਦੇ ਰੰਗਮੰਚ 'ਤੇ ਘਟਿਤ ਹੋਣਾ ਚਾਹੀਦਾ ਹੈ। ਲੰਮੀ ਕਵਿਤਾ ਵਿਚ ਜਦੋਂ ਕਿਸੇ ਪਾਤਰ ਦੇ ਕਥਨ ਦੁਆਰਾ ਉਸਦੀ ਕਿਰਿਆ ਜਾਂ ਕਾਰ ਵਿਹਾਰ ਜੁੜ ਜਾਂਦਾ ਹੈ ਤਾਂ ਨਾਟਕੀਅਤਾ ਦਾ ਗੁਣ ਖ਼ੁਦ ਹੀ ਆ ਜਾਂਦਾ ਹੈ। ਸੰਵਾਦ, ਵਾਤਾਵਰਣ, ਅਭਿਨੈ, ਪਾਤਰ, ਕਥਨ, ਦ੍ਰਿਸ਼-ਵਿਧਾਨ ਅਤੇ ਘਟਨਾਵਾਂ ਦੀ ਪੇਸ਼ਕਾਰੀ ਲੰਮੀ ਕਵਿਤਾ ਨੂੰ ਨਾਟਕੀਅਤਾ ਪ੍ਰਦਾਨ ਕਰਦੀ ਹੈ।

**ਇਕਸੂਤਰਤਾ** : ਲੰਮੀ ਕਵਿਤਾ ਦੀ ਸੰਰਚਨਾ ਦਾ ਕੇਂਦਰੀ ਸੂਤਰ ਉਸਦੇ ਕਾਵਿ-ਵਸਤੂ ਦੀ ਇਕਸੂਤਰਤਾ ਹੈ। ਲੰਮੀ ਕਵਿਤਾ ਉਪਰੋਂ ਤਾਂ ਅਸਬੰਧਿਤ, ਅਸੰਗਤ ਤੇ ਅਰਾਜਕ ਲੱਗ ਸਕਦੀ ਹੈ ਪਰ ਅੰਦਰੋਂ ਸੁਗਠਿਤ ਹੁੰਦੀ ਹੈ। ਲੰਮੀ ਕਵਿਤਾ ਵਿਚ ਇਹ ਇਕਸੂਤਰਤਾ ਮਿਥੀ ਤੇ ਤਾਰਕਿਕ ਨਹੀਂ ਹੁੰਦੀ ਸਗੋਂ ਅਨੇਕ ਪ੍ਰਸੰਗਾਂ, ਕਥਾਤਮਕ ਅੰਗਾਂ ਅਤੇ ਸੰਦਰਭਾਂ-ਸੰਕੇਤਾਂ ਦਾ ਅਸਬੰਧਿਤ ਜਿਹਾ ਦਿਸਣ ਵਾਲਾ ਵਰਣਨ ਇਸ ਦੇ ਕਾਵਿ-ਸੰਗਠਨ ਵਿਚ ਸਮਾਇਆ ਹੁੰਦਾ ਹੈ। ਪਰ ਇਸ ਅਸਬੰਧਿਤਾ ਵਿਚ ਵੀ ਸਬੰਧਿਤਾ ਅਤੇ ਇਕਸੂਤਰਤਾ ਦੇ ਆਂਤਰਿਕ ਸਿਰਜਣਾਤਮਕ ਸੂਤਰ ਵਿਦਮਾਨ ਰਹਿ ਸਕਦੇ ਹਨ।[15] ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਲੰਮੀ ਕਵਿਤਾ ਦਾ ਗਠਨ ਜਿਥੇ ਬਿੰਬਾਤਮਕ ਹੋਏ ਉਥੇ ਇਕਸੂਤਰਤਾ ਵਾਲਾ ਅਤੇ ਅਖੰਡਿਤ ਦਿਸੇ। ਜਿਥੇ ਬਿੰਬ-ਕੇਂਦਰ ਉਪਰ ਧਿਆਨ ਨਾ ਦੇ ਕੇ ਸੰਦਰਭਾਂ ਅਤੇ ਪ੍ਰਸੰਗਾਂ ਦੇ ਟਕਰਾਓ ਉਤੇ ਜ਼ੋਰ ਦਿੱਤਾ ਗਿਆ ਹੋਵੇ ਉਥੇ ਇਕਸੂਤਰਤਾ ਸਿਥਲ ਅਤੇ ਖੰਡਿਤ ਹੋ ਜਾਂਦੀ ਹੈ। ਲੰਮੀ ਕਵਿਤਾ ਵਿਚ ਇਕਸੂਤਰਤਾ ਵਿਚਾਰ ਤੇ ਬਿੰਬ ਦੋਹਾਂ ਵਿਚ ਕਾਇਮ ਰਹਿਣੀ ਚਾਹੀਦੀ ਹੈ। ਪਹਿਲੀ ਪ੍ਰਕਾਰ ਦੀ ਇਕਸੂਤਰਤਾ ਕਿਸੇ ਵਿਚਾਰ ਸੂਤਰ ਦੁਆਰਾ ਵੱਡੇ ਬਿੰਬ ਦਾ ਸਿਰਜਣ ਹੈ ਅਤੇ ਸਾਰੇ ਵਿਵਰਣ, ਸੰਦਰਭ ਅਤੇ ਪ੍ਰਸੰਗ ਕੇਂਦਰੀ ਬਿੰਬ ਦੁਆਰਾ ਸੰਤੁਲਿਤ ਰਹਿੰਦੇ ਹਨ।

ਇਕਸੂਤਰਤਾ ਲੰਮੀ ਕਵਿਤਾ ਦਾ ਇਕ ਲਾਜ਼ਮੀ ਤੱਤ ਹੈ ਅਤੇ ਇਸ ਦੀ ਅਣਹੋਂਦ ਲੰਮੀ ਕਵਿਤਾ ਦੇ ਸੰਗਠਨ ਨੂੰ ਬੇਤਰਤੀਬ ਤੇ ਖੰਡਿਤ ਬਣਾ ਦਿੰਦੀ ਹੈ।

**ਸਿਰਜਣਾਤਮਕ ਤਣਾਓ**: ਲੰਮੀ/ਦੀਰਘ ਕਵਿਤਾ ਦੀ ਰਚਨਾ-ਪ੍ਰਕਿਰਿਆ ਦਾ ਇਕ ਵਿਧਾਗਤ ਪਹਿਲੂ ਹੈ, ਸਿਰਜਣਾਤਮਕ ਤਣਾਓ। ਲੰਮੀ ਕਵਿਤਾ ਦੀ ਸਿਰਜਣਾ ਤਾਂ ਹੀ ਸੰਭਵ ਹੈ ਜੇ ਸਿਰਜਨਾਤਮਕ ਤਣਾਓ ਕਾਲ ਅਤੇ ਸਪੇਸ ਵਿਚ ਦੂਰ ਤਕ ਫੈਲ ਸਕਦਾ ਹੋਵੇ। ਇਸ ਦੇ ਲਈ ਇਹ ਜ਼ਰੂਰੀ ਹੈ ਕਿ ਲੰਮੀ ਕਵਿਤਾ ਵਿਚ ਸਿਰਜਣਾਤਮਕ ਤਣਾਓ ਦੇ ਵੱਖ ਵੱਖ ਰੂਪ, ਪਰਤਾਂ ਅਤੇ ਧਰਾਤਲ ਮੌਜੂਦ ਰਹਿਣ। ਲੰਮੀ ਕਵਿਤਾ ਦਾ ਤਣਾਓ ਕਿਸੇ ਤਰ੍ਹਾਂ ਇਕ ਪਾਸਾਰੀ ਨਹੀਂ ਹੋਣਾ ਚਾਹੀਦਾ। ਲੰਮੀ ਕਵਿਤਾ ਦੇ ਸੰਰਚਨਾਤਮਕ ਵਿਕਾਸ ਕ੍ਰਮ ਵਿਚ ਇਕ ਤਣਾਓਪੂਰਣ ਅੰਸ਼ ਜਾਂ ਪੈਰ੍ਹੇ ਦੇ ਬਾਅਦ ਨਿਹਾਇਤ ਸਿੱਧਾ ਜਾਂਦਾ, ਸਪਾਟ ਅਤੇ ਗਦਾਤਮਕ ਅੰਸ਼ ਜਾਂ ਪੈਰ੍ਹਾ ਵੀ ਰਹਿ ਸਕਦਾ ਹੈ, ਜਿਹੜਾ ਪੂਰਵਵਰਤੀ ਤਣਾਓ ਦੀ ਦਸ਼ਾ ਦੇ ਪਰਿਪੇਖ ਵਿਚ ਜਾਂ ਸਮੱਗਰ ਕਵਿਤਾ ਦੇ ਸੰਦਰਭ ਵਿਚ ਸਾਰਥਕ ਹੋਵੇ।[16] ਲੰਮੀ ਕਵਿਤਾ ਵਿਚ ਇਸ ਤਰ੍ਹਾਂ ਦੇ ਸੰਰਚਨਾਤਮਕ ਸੰਤੁਲਨ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ।

ਸਿਰਜਣਾਤਮਕ ਤਣਾਓ ਬਾਰੇ ਡਾ. ਬਲਦੇਵ ਵੰਸ਼ੀ ਦੀ ਧਾਰਣਾ ਹੈ:

> ਅੱਜ ਦੀ ਕਵਿਤਾ ਦਾ ਤਣਾਓ ਮਾਤ੍ਰ ਭਾਵਾਤਮਕ ਉਤੇਜਨਾ ਦਾ ਤਣਾਓ ਨਹੀਂ ਹੈ ਸਗੋਂ ਬਦਲੀ ਹੋਈ ਪਰਸਥਿਤੀ, ਧਾਰਣਾ, ਮੁੱਲ ਅਤੇ ਜੀਵਨ ਪੱਧਤੀ ਦਾ ਬਹੁ-ਆਯਾਮੀ ਤਣਾਓ ਹੈ ਜਿਸ ਨੂੰ ਕਵੀ ਕੇਵਲ ਰਚਦਾ ਹੀ ਨਹੀਂ ਸਗੋਂ ਰਚਨ ਤੋਂ ਪਹਿਲਾਂ ਉਸ ਨੂੰ ਭੋਗਦਾ ਵੀ ਹੈ। ਅੱਜ ਦਾ ਕਵੀ ਆਪਣੀ ਬਾਹਰੀ ਸਥਿਤੀ ਪਰਿਸਥਿਤੀ ਅਤੇ ਆਪਣੀ ਮਨੋ-ਸਥਿਤੀ ਨਾਲ ਨਾ

ਕੇਵਲ ਪਰਿਚਿਤ ਹੈ ਸਗੋਂ ਅੰਦਰੋਂ ਉਹ ਇਸ ਤਣਾਓ ਦਾ ਅਨੁਭਵ ਵੀ ਕਰਦਾ ਹੈ ਜੋ ਬਾਹਰੀ ਅਤੇ ਆਂਤਰਿਤਕ ਦਵੰਦ ਦੀ ਉਪਜ ਹੈ ਕਿਉਂਕਿ ਅੱਜ ਦਾ ਜੀਵਨ ਕਠੋਰ ਹੈ ਅਤੇ ਅੱਜ ਦੀ ਸਭਿਅਤਾ ਹਰਾਮ ਗ੍ਰਸਤ ਹੈ, ਇਸ ਲਈ ਅੱਜ ਦੀ ਕਵਿਤਾ ਵਿਚ ਤਣਾਓ ਹੋਣਾ ਸੁਭਾਵਿਕ ਹੀ ਹੈ।[17]

ਵਰਤਮਾਨ ਯੁਗ ਦੇ ਵਿਚ ਸਿਰਜਣਾਤਮਕ ਤਣਾਓ ਦੇ ਕਾਰਨ ਜ਼ਿਆਦਾ ਵਿਆਪਕ ਅਤੇ ਪ੍ਰਭਾਵਸ਼ਾਲੀ ਹਨ ਅਤੇ ਕਵੀ ਦਾ ਇਨ੍ਹਾਂ ਕਾਰਨਾਂ ਨਾਲ ਸਬੰਧ ਭਾਵਨਾਤਮਕ ਪੱਧਰ ਦਾ ਹੀ ਨਹੀਂ ਹੈ ਸਗੋਂ ਵਿਚਾਰਕ ਤੇ ਗਿਆਨਾਤਮਕ ਵੀ ਹੈ। ਕੇਵਲ ਭਾਵਯੁਕਤ ਤਣਾਓ ਕਵਿਤਾ ਦੇ ਆਧਾਰ ਨੂੰ ਫੈਲਾ ਸਕਦਾ ਹੈ ਪਰੰਤੂ ਉਸਨੂੰ ਵਸਤੂ-ਸਾਰ ਵਲੋਂ ਗਹਿਰੀ ਕਵਿਤਾ ਨਹੀਂ ਬਣਾ ਸਕਦਾ। ਸਿਰਜਣਾਤਮਕ ਤਣਾਓ ਨੂੰ ਲੰਮੇ ਸਮੇਂ ਤਕ ਬਣਾਈ ਰੱਖਣ ਲਈ ਮਹਾਂਕਾਵਿਆਤਮਕ ਵਿਚਾਰ ਦੀ ਧਾਰਾ ਵੀ ਜ਼ਰੂਰੀ ਹੈ ਤਾਂ ਹੀ ਅਨੁਭਵ ਤੇ ਵਿਚਾਰ ਦਾ ਸੰਯੁਕਤ ਭਾਵਾਤਮਕ ਵਿਧਾਨ ਹੋ ਸਕਦਾ ਹੈ। ਵਿਚਾਰ ਅਤੇ ਅਨੁਭਵ ਦੇ ਇਸ ਢੰਗ ਦੇ ਟਕਰਾਓ ਤੋਂ ਬਿਨਾਂ ਲੰਮੀ ਕਵਿਤਾ ਸੰਭਵ ਨਹੀਂ।[18]

ਇਥੇ ਇਹ ਵੀ ਧਿਆਨਯੋਗ ਹੈ ਕਿ ਸਿਰਜਣਾਤਮਕ ਤਣਾਓ ਛਿਣ ਭਰ ਦੇ ਭਾਵ-ਆਵੇਸ਼ ਦੁਆਰਾ ਪੈਦਾ ਹੋਈ ਉਤੇਜਨਾ ’ਤੇ ਨਿਰਭਰ ਨਹੀਂ ਕਰਦਾ ਅਤੇ ਨਾ ਹੀ ਇਸ ਦਾ ਸਬੰਧ ਕਾਲ ਜਾਂ ਖੰਡ ਦੇ ਵਿਸ਼ੇਸ਼ ਸੰਦਰਭ ’ਤੇ ਹੀ ਅਧਾਰਿਤ ਹੈ। ਲੰਮੀ ਕਵਿਤਾ ਵਿਚ ਤਣਾਓ ਬਹੁ-ਆਯਾਮੀ ਬਣਦਾ ਹੈ ਤੇ ਆਲੋਚਕ ਐਲਨ ਟੇਟ ਆਪਣੇ ਲੇਖ Tension in Poetry ਵਿਚ ‘ਤਣਾਓ’ ਨੂੰ ਕਾਵਿ ਦੀ ਨਿਵੇਕਲੀ ਅਤੇ ਸੁਤੰਤਰ ਹੋਂਦ-ਵਿਧੀ ਦੇ ਮੂਲ ਲੱਛਣ ਵਜੋਂ ਸਥਾਪਿਤ ਕਰਦਾ ਹੈ।

‘ਤਣਾਓ’ ਦੇ ਸੰਕਲਪ ਨੂੰ ਸਮਝਣ ਲਈ ਦੋ ਹੋਰ ਸ਼ਬਦਾਂ Intension ਅਤੇ Extension ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਸ਼ਬਦਾਂ ਦਾ ਸਾਧਾਰਣ ਕੋਸ਼ਗਤ ਅਰਥ ਕ੍ਰਮਵਾਰ ‘ਉਦੇਸ਼’ ਅਤੇ ‘ਵਿਸਤਾਰ’ ਹੈ। Extension ਵਸਤੂਆਂ ਦੇ ਇਕ ਉਸ ਪੂਰੇ ਵਰਗ ਦਾ ਬੋਧ ਕਰਾਉਂਦਾ ਹੈ ਜਿਸ ਲਈ ਉਸ ਸ਼ਬਦ ਦੀ ਵਰਤੋਂ ਕੀਤੀ ਗਈ ਹੁੰਦੀ ਹੈ ਅਤੇ Intension ਦਾ ਅਰਥ ਕਿਸੇ ਵਸਤੂ ਦੇ ਉਨ੍ਹਾਂ ਗੁਣਾਂ ਤੋਂ ਹੈ ਜਿਸ ਲਈ ਸ਼ਬਦ ਦੀ ਢੁਕਵੀਂ ਵਰਤੋਂ ਕੀਤੀ ਗਈ ਹੁੰਦੀ ਹੈ। ਪਹਿਲੇ ਵਿਚ ਜ਼ੋਰ ਵਸਤੂਆਂ ਦੀ ਵਸਤੂਪੁਣੇ ਉੱਤੇ ਹੈ ਅਤੇ ਦੂਸਰੇ ਵਿਚ ਵਸਤੂਆਂ ਦੇ ਗੁਣ ਉੱਤੇ।[19]

ਡਾ ਰਵਿੰਦਰ ਸਿੰਘ ਰਵੀ  ਨੇ ਐਲਨ ਟੇਟ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਬਹੁਤ ਕਾਵਿ ਜਾਂ ਤਾਂ ਸ਼ਬਦਾਂ ਦੇ ਬੋਧਕ ਪੱਖ ਵੱਲ ਨੂੰ ਰੁਚਿਤ ਹੁੰਦਾ ਹੈ ਅਤੇ ਜਾਂ ਭਾਵ-ਬੋਧਕ ਪੱਖ ਨੂੰ।... ਪਰੰਤੂ ਚੰਗੀ ਤੇ ਸਫਲ ਕਵਿਤਾ ਸ਼ਬਦਾਂ ਦੇ ਬੋਧਕ ਅਤੇ ਭਾਵ-ਬੋਧਕ ਦੋਹਾਂ ਅਰਥਾਂ ਦੀ ਆਖਰੀ ਸੀਮਾ ਦਾ ਸੁਚੱਜਾ ਸੁਮੇਲ ਹੁੰਦੀ ਹੈ। ਇਸ ਲਈ ਕਵਿਤਾ ਦੀ ਮੂਲ ਹੋਂਦ ਵਿਧੀ Extension ਜਾਂ Intension ਦੀ ਥਾਂ ਇਨ੍ਹਾਂ ਵਿਚਲੇ ‘ਤਣਾਓ’ ਵਿਚ ਹੁੰਦੀ ਹੈ।[20]

ਇਉਂ ਲੰਮੀ/ਦੀਰਘ ਕਵਿਤਾ ਦਾ ਸਮੁੱਚਾ ਰਚਨਾ ਵਿਧਾਨ ਵਸਤੂ ਜਗਤ ਦੀਆਂ ਸੰਸ਼ਲਿਸ਼ਟ, ਜਟਿਲ, ਤ੍ਰਾਸਦ ਤੇ ਤਣਾਓਮਈ ਸਥਿਤੀਆਂ ਦੀ ਅਸਵੀਕਾਰਤਾ ਦੀ ਜਟਿਲ ਤੇ ਦੀਰਘ ਕਾਵਿ ਅਭਿਵਿਅਕਤੀ ਹੈ ਜਿਹੜੀ ਬਾਹਰੀ ਪੱਧਰ ’ਤੇ ਅਸੰਗਤ ਤੇ ਬੇਤਰਤੀਬੀ ਹੁੰਦੀ ਹੋਈ ਕਵਿਤਾ ਦੇ ਆਂਤਰਕ ਸੰਗਠਨ ਦੀ ਪੱਧਰ ’ਤੇ ਇਕਸੂਤਰਤਾ ਤੇ ਇਕਸਾਰਤਾ ਵਿਚ ਬੰਨ੍ਹੀ ਹੁੰਦੀ ਹੈ। ਸਿਰਜਨਾਤਮਕ ਤਣਾਓ ਲੰਮੀ ਕਵਿਤਾ ਦੀ ਹੋਂਦ-ਵਿਧੀ ਦਾ ਬੁਨਿਆਦੀ ਆਧਾਰ ਹੈ ਅਤੇ ਨਾਟਕੀਅਤਾ ਇਸ ਦੇ ਵਿਸਤਾਰ ਤੇ ਫੈਲਾਅ ਦਾ ਅਨਿਵਾਰੀ ਤੱਤ ਹੈ।

ਹਰਿਭਜਨ ਸਿੰਘ ਜਿਸ ਤਰ੍ਹਾਂ ਦੇ ਭਾਵ-ਬੋਧ ਤੇ ਜਟਿਲ ਸੰਵੇਦਨਾਵਾਂ ਦੀ ਪ੍ਰਮਾਨਿਕਤਾ ਨੂੰ ਕਾਵਿਕ ਅਭਿਵਿਅਕਤੀ ਦੇਣਾ ਚਾਹੁੰਦਾ ਹੈ ਉਸ ਲਈ ਸਾਡੇ ਪਰੰਪਰਿਕ ਕਾਵਿ-ਮਾਧਿਅਮ ਅਧੂਰੇ ਤੇ ਅਢੁਕਵੇਂ ਸਨ। ਇਸੇ ਲਈ ਉਸ ਦੁਆਰਾ ਲੰਮੀ/ਦੀਰਘ ਕਵਿਤਾ ਦੀ ਰੂਪ-ਵਿਧਾ ਨੂੰ ਚੁਣਿਆ ਗਿਆ ਜਿਸ ਦੀ ਪਰੰਪਰਾ ਪੰਜਾਬੀ ਕਾਵਿ ਰੂਪ-ਵਿਧਾਵਾਂ ਵਿਚ ਨਹੀਂ ਹੈ ਕਿਉਂਕਿ ਇਹ ਕਾਵਿ ਰੂਪ-ਵਿਧਾ ਹੀ ਉਸ ਦੇ ਆਧੁਨਿਕ ਯੁਗ ਦੇ ਨਵੀਨ ਅਨੁਭਵਾਂ ਦੇ ਭਾਵ-ਬੋਧ ਦੇ ਜਟਿਲ ਬਹੁ-ਆਯਾਮੀ, ਬਹੁ-ਰੂਪੀ ਤੇ ਬਹੁ-ਸਬੰਧੀ ਰੂਪ ਦੇ ਤਣਾਓ ਨੂੰ ਯਥਾਰਥ ਦੇ ਪ੍ਰਸੰਗ ਵਿਚ ਰੂਪਮਾਨ ਕਰਨ ਦੇ ਸਮਰੱਥ ਹੈ, ਇਸੇ ਲਈ ਅਸੀਂ ਵੀ **ਰੁੱਖ ਤੇ ਰਿਸ਼ੀ** ਰਚਨਾ ਨੂੰ ਲੰਮੀ ਕਵਿਤਾ ਦੀ ਰੂਪ-ਵਿਧਾ ਵਿਚ ਰੱਖਿਆ ਹੈ ਅਤੇ ਇਸੇ ਰੂਪ-ਵਿਧਾ ਦੀ ਪ੍ਰਸੰਗ ਵਿਚ ਇਸ ਦਾ ਰੂਪਾਕਾਰਕ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਪੇਸ਼ ਕਰਨ ਦਾ ਯਤਨ ਕਰਾਂਗੇ। ਸਾਡੀ **ਰੁੱਖ ਤੇ ਰਿਸ਼ੀ** ਨੂੰ ਲੰਮੀ ਕਵਿਤਾ ਦੀ ਰੂਪ-ਵਿਧਾ ਵਿਚ ਰੱਖਣ ਦੀ ਧਾਰਣਾ ਦੀ ਪੁਸ਼ਟੀ ਡਾ ਜੋਗਿੰਦਰ ਸਿੰਘ ਰਾਹੀ ਦੀ ਪੁਸਤਕ **ਸਮਾਂ ਤੇ ਸੰਵਾਦ**

ਵਿਚ ਛਪੇ ਇਕ ਨਿਬੰਧ 'ਮਿਥਿਕ ਦੀ ਗਤੀ' ਵਿਚਲੇ ਸੰਕੇਤ ਤੋਂ ਹੁੰਦੀ ਹੈ ਜਿਸ ਵਿਚ ਉਹ ਇਸ ਰਚਨਾ ਨੂੰ 'ਲੰਮੀ ਕਵਿਤਾ' ਹੀ ਕਹਿੰਦਾ ਹੈ।[21]

ਰੁੱਖ਼ ਤੇ ਰਿਸ਼ੀ ਕਵਿਤਾ ਦੀ ਦੀਰਘ ਸੰਰਚਨਾ ਦੇ ਤਿੰਨ ਅੰਗ ਹਨ:

ਆਦਿਕਾ, ਮੂਲ-ਪਾਠ ਤੇ ਅੰਤਿਕਾ।

ਆਦਿਕਾ ਵਿਚ ਜਿਵੇਂ ਸੰਬੋਧਨ ਕਰਤਾ ਦੇਸ ਤੇ ਕਾਲ (Space and Times) ਨੂੰ ਸੰਬੋਧਿਤ ਹੋ ਕੇ ਉਸ ਪਾਸੋਂ ਕਾਮਨਾ ਕਰਦਾ ਹੈ:

*ਹੇ ਪਰਮ ਦੇਸ*
*ਹੇ ਪਰਮ ਕਾਲ*
*ਰੁੱਖ਼ ਦੀ ਸਮਾਧੀ ਹੋ ਜਾਏ ਮੇਰਾ ਜੀਵਨ*
*ਮਿੱਟੀ ਮੇਰੀ ਮਾਂ, ਪਾਣੀ ਪਿਤਾ।*[22]

ਇਸ ਪ੍ਰਕਿਰਤਕ ਸਥਿਤੀ ਦੀ ਲੋਚਾ/ਕਾਮਨਾ ਭਾਵੇਂ ਪਰੋਖ ਰੂਪ ਵਿਚ ਸੰਬੋਧਨ ਕਰਤਾ ਦੇ ਤਣਾਓ ਨੂੰ ਨਹੀਂ ਦਰਸਾਉਂਦੀ ਪ੍ਰੰਤੂ ਅਪ੍ਰੋਖ ਰੂਪ ਵਿਚ ਇਹ ਸੰਬੋਧਨ ਕਰਤਾ ਦੇ ਤਣਾਓ ਦੀ ਸੂਚਕ ਹੈ। ਮਨੁੱਖ ਪ੍ਰਕਿਰਤੀ ਵੱਲ ਨੂੰ ਮੋੜਾ ਕਿਉਂ ਕੱਟਦਾ ਹੈ? ਸਪੱਸ਼ਟ ਹੈ ਕਿ ਸੰਸਕ੍ਰਿਤੀ ਉਸ ਨੂੰ ਰਾਸ ਨਹੀਂ ਆ ਰਹੀ। ਸੰਸਕ੍ਰਿਤੀ ਵਿਚਲੀਆਂ ਵਿਸੰਗਤੀਆਂ ਤੇ ਵਿਸ਼ਮਤਾਵਾਂ ਦਾ ਤਣਾਓ ਅਤੇ ਇਸ ਦੇ ਮੁੱਲਾਂ ਅਤੇ ਮਾਨਤਾਵਾਂ ਦੇ ਘੇਰਿਆਂ ਵਿਚ ਸੀਮਤ ਹੋ ਜਾਣ ਦੀ ਤ੍ਰਾਸਦੀ ਦੀ ਪ੍ਰਤਿਕਿਰਿਆ ਵਿਚੋਂ ਪੈਦਾ ਹੋਈ ਸੰਬੋਧਨ ਕਰਤਾ ਦੀ ਜਟਿਲ ਸੰਵੇਦਨਾ ਨਿਰਪੇਖ ਆਜ਼ਾਦੀ/ਮੁਕਤੀ ਦੀ ਮੰਗ ਕਰਦੀ ਹੋਈ ਕਾਮਨਾ ਕਰਦੀ ਹੈ:-

*ਨਕਸ਼ਿਆਂ 'ਚ ਪੋਥੀਆਂ 'ਚ*
*ਜੀਵਨ ਦੀ ਲਾਲਸਾ*
*ਪੱਤਿਆਂ ਦੇ ਪਈ ਗਰਦ ਵਾਂਗ ਦਿਓ ਝਾੜ,*
*ਦੁਨੀਆਂ ਨੇ ਮੇਰੀ ਗਿਰਦ ਵਲੀ ਜੋ ਤੜਾਗੀ*
*ਉਹਨੂੰ ਤੋੜ ਜਾਣ ਦਿਓ ਬਾਹਰ।*[23]

ਇਉਂ ਆਦਿਕਾ ਦੇ ਇਹ ਬੋਲ ਸਿਰਜਣਾਤਮਕ ਤਣਾਓ ਦਾ ਅਭਾਸ ਕਰਾਉਂਦੇ ਹਨ, ਜਿਹੜਾ ਸੰਸਕ੍ਰਿਤੀ ਦੇ ਸ਼ੋਰ ਤੇ ਪ੍ਰਕਿਰਤੀ ਦੇ ਮਹਾਂਮੋਨ ਦੇ ਅੰਤਰ-ਵਿਰੋਧ ਦਾ ਸੰਕੇਤ ਦਿੰਦਾ ਇਕ-ਪੱਧਰੀ ਦਿਖਾਈ ਨਹੀਂ ਦਿੰਦਾ ਸਗੋਂ ਮੂਲ ਪਾਠ ਵਿਚ ਇਹਦੇ ਬਹੁ-ਪਰਤੀ, ਬਹੁ-ਨਾਦੀ (Polyphonic) ਹੋਣ ਦੀਆਂ ਸੰਭਾਵਨਾਵਾਂ ਦੇ ਸੰਕੇਤ ਵੀ ਇਥੇ ਨਜ਼ਰ ਆਉਂਦੇ ਹਨ। ਇਉਂ ਇਸ ਕਵਿਤਾ ਦਾ ਆਰੰਭ ਹੀ ਆਪਣੇ ਵਿਚ ਉਸ ਸੰਰਚਨਾਤਮਕ ਤਣਾਓ ਦੀ ਨਿਸ਼ਾਨਦੇਹੀ ਕਰਵਾ ਜਾਂਦਾ ਹੈ, ਜਿਹੜਾ ਇਸ ਲੰਮੇਰੀ ਕਵਿਤਾ ਦੇ ਵਿਸਥਾਰ ਦਾ ਕੇਂਦਰੀ ਬਿੰਦੂ/ਆਧਾਰ ਬਣਦਾ ਹੈ।

ਮੂਲ ਪਾਠ ਦੇ ਛੇ ਮੁੱਖ ਖੰਡ ਹਨ, ਜਿਨ੍ਹਾਂ ਦੇ ਅੱਗੋਂ ਉਪਭਾਗ ਹਨ। ਪਹਿਲੇ ਖੰਡ ਵਿਚ ਚੌਦਾਂ ਉਪਭਾਗ ਹਨ, ਦੂਜੇ ਵਿਚ ਉੱਨੀ, ਤੀਜੇ ਵਿਚ ਅੱਠ, ਚੌਥੇ ਵਿਚ ਸੱਤ, ਪੰਜਵੇਂ ਵਿਚ ਛੇ, ਛੇਵੇਂ ਵਿਚ ਬਾਰਾਂ ਅਤੇ ਫਿਰ ਅੰਤਿਕਾ ਵਿਚ ਪੰਜ।

ਮੂਲ ਪਾਠ ਵਿਚ ਦੋ ਮੁੱਖ ਧਿਰਾਂ 'ਰੁੱਖ਼' ਅਤੇ 'ਰਿਸ਼ੀ' ਹਨ ਜਿਹੜੀਆਂ ਇਕ ਰੂਪਕੀ ਹੋਂਦ ਧਾਰਨ ਕਰਕੇ ਇਕ ਦੂਜੇ ਦੇ ਪ੍ਰਸੰਗ ਵਿਚ ਵਿਚਰ ਰਹੀਆਂ ਹਨ। ਇਨ੍ਹਾਂ ਵਿਚ ਇਕ ਤੀਜੀ ਧਿਰ ਮਨੁੱਖ ਹੈ। ਇਸ ਤਰ੍ਹਾਂ ਇਸ ਰਚਨਾ ਵਿਚ "ਮੂਲ-ਸਮੱਸਿਆ ਮਾਨਵ, ਰੁੱਖ਼ ਅਤੇ ਰਿਸ਼ੀ ਦੀ ਏਕਾਕਾਰ ਦੀ ਹੈ, ਜੋ ਸ਼ਾਇਦ ਮਨੁੱਖ ਦੀ ਆਦਰਸ਼ਕ ਸਥਿਤੀ ਹੈ।"[24] ਇਨ੍ਹਾਂ ਵਿਚਲਾ ਸੰਵਾਦ ਇਸ ਲੰਮੀ ਕਵਿਤਾ ਵਿਚ ਨਾਟਕੀਅਤਾ ਦੇ ਗੁਣ ਪੈਦਾ ਕਰਦਾ ਹੈ ਜਿਸ ਰਾਹੀਂ ਇਸ ਲੰਮੀ ਕਵਿਤਾ ਵਿਚ ਜੀਵਨ ਦੇ ਅੰਤਰ-ਵਿਰੋਧਾਂ ਤੇ ਇਨ੍ਹਾਂ ਪਿੱਛੇ ਕਾਰਜਸ਼ੀਲ ਸਥਿਤੀਆਂ, ਵਿਹਾਰਾਂ, ਮਾਨਸਿਕ-ਆਤਮਿਕ ਕਿਰਿਆਵਾਂ ਤੇ ਪ੍ਰਤਿਕਿਰਿਆਵਾਂ ਦੀ ਪ੍ਰਮਾਣਿਕ ਅਭਿਵਿਅਕਤੀ ਸੰਭਵ ਹੋਈ ਹੈ।

ਮਨੁੱਖ ਦੀ ਸਮੱਸਿਆ ਇਕੋ ਸਮੇਂ ਸੰਸਕ੍ਰਿਤਕ ਮਨੁੱਖ ਬਣਨ ਅਤੇ ਆਪਣੀਆਂ ਪ੍ਰਕਿਰਤਕ ਚੇਸ਼ਟਾਵਾਂ ਦੀ ਬੇਰੋਕ ਪੂਰਤੀ ਦੀ ਲੋਚਾ ਦੀ ਹੈ। ਸੰਸਕ੍ਰਿਤਕ ਜੀਵਨ ਦੀਆਂ ਵਿਸੰਗਤੀਆਂ ਤੇ ਵਿਸ਼ਮਤਾਵਾਂ ਦੇ ਦਬਾਓ ਅਧੀਨ ਉਹ ਮੁੜ ਪ੍ਰਕਿਰਤਕ ਮਨੁੱਖ ਬਣਨਾ ਲੋਚਦਾ ਹੈ। ਸਮਾਜਕ ਮਰਿਆਦਾ ਤੇ ਵਰਜਨਾਵਾਂ ਦੇ ਘੇਰਿਆਂ ਵਿਚ ਰਹਿੰਦਾ ਹੋਇਆ ਉਹ ਵਰਜਣਾਮੁਖੀ ਸਮਾਜ-ਸਭਿਆਚਾਰ ਤੋਂ ਪਾਰ ਜਾਣਾ ਚਾਹੁੰਦਾ ਹੈ। ਇਉਂ ਇਹ ਕਵਿਤਾ

ਪ੍ਰਕਿਰਤੀ ਅਤੇ ਸੰਸਕ੍ਰਿਤੀ ਦੇ ਤਣਾਓ ਨੂੰ ਆਧੁਨਿਕ ਚਿੰਤਨ ਅਤੇ ਪੂਰਬਲੇ ਇਤਿਹਾਸਕ ਮਿਥਿਹਾਸਕ ਪਾਤਰਾਂ ਦੀ ਹੋਣੀ ਦੇ ਪ੍ਰਸੰਗਾਂ ਵਿਚ ਪੇਸ਼ ਕਰਦੀ ਹੈ। ਇਹ ਕਵਿਤਾ ਇਕੋ ਵੇਲੇ ਸੰਸਕ੍ਰਿਤੀ ਤੇ ਪ੍ਰਕਿਰਤੀ, ਸਮਾਜ ਤੇ ਮਰਿਆਦਾ, ਕਾਮਨਾ ਤੇ ਸਭਿਆਚਾਰਕ ਦਾਬੇ ਦੇ ਤਣਾਓ ਦੇ ਪ੍ਰਸੰਗ ਵਿਚ ਆਧੁਨਿਕ ਵਿਵੇਕਸ਼ੀਲ ਮਾਨਵ ਦੀ ਜਟਿਲ ਮਨੋ-ਸਥਿਤੀ ਨੂੰ ਪ੍ਰਸਤੁਤ ਕਰਦੀ ਹੈ:

- *ਜਨਮ ਸਮੇਂ ਆਦਮੀ*<br>*ਹੁੰਦਾ ਮੂਲ ਪਾਠ*<br>*ਰਚਨਾ ਰਚਣਹਾਰ ਦੀ*<br>*ਫੇਰ ਵਾੜਾਂ ਦੀਵਾਰਾਂ*<br>*ਨਾਲੇ ਕੰਡੇਦਾਰ ਤਾਰਾਂ ਦੀਆਂ ਭਾਂਤ-ਭਾਂਤ ਬੋਲੀਆਂ 'ਚ*<br>*ਜਾਂਦਾ ਅਨੁਵਾਦਿਆ*<br>*ਇਕੋ ਹੀ ਮਨੁੱਖ*<br>*ਜਿਉਂਦਾ ਏਨੇ ਅਨੁਵਾਦ*<br>*ਪਤਾ ਵੀ ਨਾ ਲੱਗਦਾ*<br>*ਉਹ ਇਕ ਜਾਂ ਅਨੇਕ* (ਪੰਨੇ 88-89)
- *ਰੁੱਖ ਤੇ ਮਨੁੱਖ ਹੋਏ ਬੰਦਿਆ*<br>*ਤੂੰ ਵਾਪਸ ਨਹੀਂ ਜਾ ਸਕਦਾ ਆਪਣੇ ਆਦਿ ਤਕ*<br>*ਵਾਪਸ ਜਾਣ ਦੀ ਕਲਪਨਾ ਕਰ ਸਕਦੈਂ ਜ਼ਰੂਰ* (ਪੰਨਾ 39)

ਪਰੰਤੂ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਸੰਸਕ੍ਰਿਤੀ ਦੇ ਘੇਰਿਆਂ ਵਿਚ ਨਿਯਮਿਤ ਹੋਇਆ ਉਹ ਆਪਣੀ ਮਰਜ਼ੀ ਨਾਲ ਸਬੰਧਾਂ ਦੀਆਂ ਕੜੀਆਂ ਨਹੀ ਸਿਰਜ ਸਕਦਾ:

*ਰੁਖਦੇਵ*<br>*ਇਸ ਦੁਨੀਆਂ ਵਿਚ ਬਹੁਤ ਕੁਝ ਮਿਲਦਾ ਹੈ*<br>*ਸਿਰਫ ਆਪਣੀ ਮਰਜ਼ੀ ਦਾ ਬੰਦਾ ਨਹੀਂ ਮਿਲਦਾ*<br>..... ..... ..... ....<br>*ਤੁਹਾਡੀ ਮਰਜ਼ੀ ਦਾ ਬੰਦਾ ਤੁਸੀਂ ਆਪ ਹੋ*<br>*ਤੇ ਤੁਸੀਂ ਹੀ ਗੁਆਚਦੇ ਰਹੇ ਹੋ ਆਪਣੇ ਆਪ ਤੋਂ* (ਪੰਨਾ 38)

ਸਭਿਆਚਾਰਕ ਮਨੁੱਖ ਦੀ ਤ੍ਰਾਸਦੀ ਦੇ ਬੀਜ ਇਸ ਸੱਚ ਵਿਚ ਪਏ ਹਨ ਕਿ ਉਹ ਆਪਣੇ ਪ੍ਰਕਿਰਤਕ ਆਪੇ ਤੋਂ ਗੁਆਚਿਆ ਹੋਇਆ ਹੈ। ਜੁਗੀਨ ਸਥਿਤੀਆਂ ਦੀ ਪਰਪੰਚ ਪ੍ਰਕਿਰਿਆ ਆਧੁਨਿਕ ਨਗਰੀ ਤੇ ਮਸ਼ੀਨੀ ਜੀਵਨ ਨੇ ਮਨੁੱਖ ਨੂੰ ਜਿਥੇ ਬੇਸ਼ੁਮਾਰ ਸੁਖ-ਸਹੂਲਤਾਂ ਦਿੱਤੀਆਂ ਹਨ, ਉਥੇ ਇਸ ਨੇ ਮਨੁੱਖ ਦੀ ਆਦਿਮ ਮਨੁੱਖੀ ਸਾਦਗੀ ਨੂੰ ਖੋਹ ਕੇ ਮਨੁੱਖੀ ਜੀਵਨ ਨੂੰ ਨੀਰਸ, ਬੇਰਸਾ ਅਤੇ ਮਕਾਨਕੀ ਬਣਾ ਦਿੱਤਾ ਹੈ। ਪਦਾਰਥਾਂ ਤੇ ਮਾਇਆ ਦੀ ਹੋੜ ਵਿਚ ਮਨੁੱਖ ਦਾ ਮਨੁੱਖੀ ਗੌਰਵ ਗੁੰਮ ਗਿਆ ਹੈ। ਮਨੁੱਖ ਦੂਜੇ ਮਨੁੱਖਾਂ (ਭਾਈਚਾਰੇ) ਅਤੇ ਪ੍ਰਕਿਰਤੀ ਤੋਂ ਟੁੱਟ ਕੇ ਇਕੱਲਤਾ ਤੇ ਸਹਿਮ ਦੀ ਬੰਦ-ਗਲੀ ਵਿਚ ਗੁੰਮ ਗਿਆ ਹੈ। ਇਸ ਤਥਾ-ਕਥਿਤ ਵਿਕਸਤ ਪੂੰਜੀਵਾਦੀ ਢਾਂਚੇ ਵਿਚ ਮਨੁੱਖ ਪਦਾਰਥਾਂ ਤੇ ਪੈਸੇ ਦਾ ਗ਼ੁਲਾਮ ਹੋ ਕੇ ਰਹਿ ਗਿਆ ਹੈ। ਉਸਦਾ ਆਪਣਾ ਅਸਤਿੱਤਵ (ਹੋਂਦ) ਅਤੇ ਮਨੁੱਖੀ ਗੌਰਵ ਵੀ ਮਿਟ ਗਏ ਹਨ। ਉਹ ਪਦਾਰਥ ਪੈਦਾ ਕਰਨ ਵਾਲਾ ਸੰਦ, ਜਾਂ ਪਦਾਰਥਾਂ ਦੁਆਰਾ ਭੋਗੇ ਜਾਣ ਵਾਲਾ ਉਪਭੋਗੀ ਬਣਕੇ ਰਹਿ ਗਿਆ ਹੈ। ਇਸ ਪਰਪੰਚ ਪ੍ਰਕਿਰਿਆ ਵਿਚ ਮਨੁੱਖ ਹੀ ਨਹੀਂ ਖਾਧਾ ਗਿਆ, ਪ੍ਰਕਿਰਤੀ ਦਾ ਦਮਨ ਤੇ ਦੁਰਵਰਤੋਂ ਵੀ ਹੋਈ ਹੈ:

- *ਦਰਿਆ ਨੂੰ ਚੁਕ ਲੋਕ ਘਰਾਂ ਨੂੰ ਲੈ ਗਏ*<br>*ਜੰਗਲ ਵੀ ਖਾਧਾ-ਪੀਤਾ ਗਿਆ*<br>*ਰਿਸ਼ੀਆਂ ਨੂੰ ਪੰਡਤਾਂ ਨੇ ਪੋਥੀਆਂ 'ਚ ਪਾਲਿਆ* (ਪੰਨਾ 40)
- *ਬੰਦਾ ਹਮੇਸ਼ਾ ਕਾਟੇ ਹੇਠ*<br>*ਹਰ ਸਮੇਂ ਹਰ ਜਗ੍ਹਾ*<br>*ਆਪਣੇ 'ਚ ਕਫ਼ਨ-ਦਫ਼ਨ ਬਹੁਤ ਕੁਝ ਚੁੱਕੀ ਫਿਰਦਾ*

*ਮਰਦਾ ਤਾਂ ਨਹੀਂ ਭਾਵੇਂ*
*ਚੁਪਚਾਪ ਆਪਣੇ ਵੈਣ ਆਪ ਕਰੀ ਜਾਂਦਾ ਹੈ* (ਪੰਨਾ 42)

ਇਸ ਕਵਿਤਾ ਵਿਚਲਾ ਤਣਾਓ, ਟਕਰਾਓ ਤੇ ਸੰਵਾਦ ਕਈ ਪੱਖਾਂ 'ਚ ਪੇਸ਼ ਹੋਇਆ ਹੈ। ਸਰਲਤਾ ਅਤੇ ਜਟਿਲਤਾ, ਸਹਿਜ ਗਿਆਨ ਤੇ ਕਿਤਾਬੀ ਗਿਆਨ, ਸੰਵੇਦਨਸ਼ੀਲਤਾ ਤੇ ਭੌਤਿਕਤਾ, ਮਾਸੂਮੀਅਤ ਅਤੇ ਸੰਸਾਰਿਕਤਾ ਦੇ ਵਿਰੋਧੀ ਪੱਖ ਇਸ ਕਵਿਤਾ ਵਿਚ ਵਿਆਪਕ ਪ੍ਰਸੰਗਾਂ, ਸੰਦਰਭਾਂ ਤੇ ਸਥਿਤੀਆਂ ਨਾਲ ਅੰਤਰ ਸਬੰਧਿਤ ਹੋ ਕੇ ਪੇਸ਼ ਹੋਏ ਹਨ। ਇਉਂ ਇਹ ਲੰਮੇਰੀ ਕਵਿਤਾ ਜ਼ਿੰਦਗੀ ਦੀ ਬਹੁ-ਰੰਗਤਾ/ਬਹੁ-ਵਿਵਧਤਾ ਨੂੰ ਕਈ ਪਰਤਾਂ ਤੇ ਪਾਸਾਰ ਵਿਚ ਖੋਲ੍ਹਦੀ ਹੈ। ਜਿਵੇਂ:

- *ਮੇਰੇ 'ਚ ਗੁਆਚਾ ਮੇਰਾ ਬਚਪਨ*
  *ਕਿਥੇ ਹੈ ਉਹ?*
  *ਮੈਨੂੰ ਉਸ ਦੀ ਤਲਾਸ਼ ਹੈ* (ਪੰਨਾ 37)
- *ਝੀਲ ਵਿਚ ਖੁਰੀ ਹੋਈ*
  *ਲੂਣ ਦੀ ਡਲੀ ਲਭ ਸਕਦਾ ਹਾਂ।*
  *ਆਪਣੇ 'ਚ ਖੁਰਿਆ ਆਪਣਾ ਆਪਾ ਨਹੀਂ ਲਭਦਾ* (ਪੰਨਾ 37)
- *ਇਲਮ ਦੀਆਂ ਜਿੱਦ ਵਿਚ*
  *ਉੱਮੀ ਗੁਆਚ ਗਿਆ*
  *ਅੱਖਰਾਂ ਦੀ ਭੀੜ ਵਿਚ*
  *ਸ਼ਕਲੋਂ ਬੇਸ਼ਕਲ ਕੋਰਾ ਕਾਗਜ਼ ਮੈਨੂੰ ਮੋੜ ਦਿਓ* (ਪੰਨੇ 37-38)
- *ਬਾਹਰ ਦਾ ਨੰਗੇਜ਼ ਕੱਜਣਾ ਮੈ ਸਿੱਖ ਲਿਆ*
  *ਪਿੰਡ ਦੇ ਅੰਦਰਵਾਰ ਨੰਗੇਜ਼ ਹੈ ਕੋਈ?*
  *ਉਹਨੂੰ ਕਿਵੇਂ ਕੱਜਾਂ?* (ਪੰਨਾ 38)

ਇਸ ਲਈ ਕਵਿਤਾ ਵਿਚ ਨਾਟਕੀਅਤ ਦੇ ਅੰਸ਼ ਥਾਂ ਪਰ ਥਾਂ ਹਨ। ਡਾ. ਜਗਜੀਤ ਸਿੰਘ ਅਨੁਸਾਰ :

> 'ਰੁੱਖ ਤੇ ਰਿਸ਼ੀ' ਦੀ ਵਿਲੰਭਤ ਰੂਪਕ ਰਚਨਾ ਵਾਲੀ ਇਹ ਕਿਰਤ ਇਕ ਨਿਰੰਤਰ ਸੰਵਾਦ ਹੈ। ਰਚਨਾ ਦੇ ਪਹਿਲੇ ਅੱਧ ਵਿਚ ਰੁੱਖ ਰਿਸ਼ੀ ਵਲ ਵਧਦਾ ਹੈ, ਫਿਰ ਰਿਸ਼ੀ ਰੁੱਖ ਵਲ ਮੁੜਦਾ ਪ੍ਰਤੀਤ ਹੁੰਦਾ ਹੈ। ਇਸ ਯਾਤਰਾ ਵਿਚ ਕੁਝ ਹੋਰ ਪਾਤਰ ਥਾਂ-ਪਰ-ਥਾਂ ਇਸ ਸੰਵਾਦ ਵਿਚ ਸ਼ਰੀਕ ਹੁੰਦੇ ਹਨ ਅਤੇ ਆਪਣਾ ਰੋਲ ਨਿਭਾਂਦੇ ਤੁਰਦੇ ਬਣਦੇ ਹਨ - ਸਿਧਾਰਥ, ਪੂਰਨ, ਸੀਤਾ, ਰਾਮ, ਨਿਵਿਆਂ ਦਾ ਬਾਨਾ, ਕੋਈ ਭਾਈ, ਗੁਰਮਾਤਾ, ਗੁਰੂ ਦੇਵ, ਪਰਦੇਸੀ, ਕੁੜੀ, ਮਾਂ ਅਪਸਰਾ, ਉੱਮੀ। ਇਹ ਸਾਰੇ ਪਾਤਰ ਕਾਵਿ ਮੈ ਦੀ ਆਤਮ-ਸੰਵਾਦ ਪ੍ਰਕਿਰਿਆ ਦੇ ਪੜਾਅ ਰੂਪ ਹਨ।[25]

ਇਸ ਰਚਨਾ ਦਾ ਸਭ ਤੋਂ ਪ੍ਰਭਾਵਸ਼ਾਲੀ ਤੇ ਖੂਬਸੂਰਤ ਤੱਤ/ਅੰਸ਼ ਦਾਰਸ਼ਨਿਕਤਾ ਹੈ ਜਿਹੜੀ ਇਸ ਲੰਮੀ ਕਵਿਤਾ ਦੇ ਹਰ ਅੰਗ ਵਿਚ ਸਮੋਈ ਹੋਈ ਹੈ ਅਤੇ ਇਸ ਸਮੁੱਚੀ ਰਚਨਾ ਨੂੰ ਇਕ ਸੂਤਰਤਾ ਵਿਚ ਬੰਨਦੀ ਹੈ। ਡਾ. ਜਗਜੀਤ ਸਿੰਘ ਅਨੁਸਾਰ "ਲੋਕਧਾਰਾ ਦੇ ਸੱਚ ਵਰਗੀ ਦਾਰਸ਼ਨਿਕਤਾ ਜੋ ਪ੍ਰਾਪਤ ਪਾਠਾਂ/ਮਾਡਲਾਂ ਤੇ ਸੂਝ ਦੀ ਵਿਰਚਨਾ ਵਿਚੋਂ ਪਨਪਦੀ ਹੈ।[26]

ਜਿਵੇਂ:

- *ਉਂਜ ਤਾਂ ਸਭ ਵੇਖਦੇ*
  *ਲੋਕਾਂ ਨੂੰ ਛਾਵਾਂ ਦੇਣ ਵਾਲਾ ਰੁੱਖ*
  *ਖੜਾ ਹੈ ਆਪ ਧੁੱਪੇ*
  *ਬੱਦਲ ਦੇ ਸਿਰ ਤੇ ਵੀ ਸੂਰਜ ਹੈ ਤਪਦਾ*
  *ਉਹਨੂੰ ਭਲਾ ਛਾਂ ਕੌਣ ਦਏਗਾ?* (ਪੰਨਾ 33)
- *ਜ਼ਿੰਦਗੀ ਆਪਣੇ ਤੋਂ ਦੂਰ*
  *ਹੋਰ ਹੋਰ ਦੂਰ*
  *ਹੁੰਦੇ ਜਾਣ ਦਾ ਸਫ਼ਰ ਹੈ* (ਪੰਨਾ 39)
- *ਪਰ ਗੁਰੂ ਹੀ ਵਿਭੂਤ ਹੇਠ*

*ਕਫ਼ਨ-ਦਫ਼ਨ ਕਰ ਚੁੱਕੇ ਸਨ ਮੈਨੂੰ*
*ਜਾਣੀਜਾਨ ਗੁਰੂ ਨੂੰ ਏਨਾ ਤਾਂ ਗਿਆਨ ਸੀ*
*ਸੁੰਦਰਾਂ ਦੀ ਖ਼ਾਤਰ ਜੋਗੀ ਪੂਰਨ ਨਾਥ*
*ਮੁੜ ਜਿਉਂਦਾ ਨਹੀਂ ਹੋ ਸਕਦਾ ਅਜੋਗੀ* (ਪੰਨਾ 41)

ਇਸ ਕਵਿਤਾ ਵਿਚ ਪ੍ਰਤੀਕਾਂ ਤੇ ਬਿੰਬਾਂ ਦੀ ਇਕ ਸਿਰਜਣਾਤਮਕ ਤੇ ਸੁਹਜਭਰੀ ਵਿਵਸਥਾ ਵੀ ਉਪਲਬਧ ਹੁੰਦੀ ਹੈ। "ਇਸ ਰਚਨਾ ਦੀ ਯਾਤਰਾ ਪ੍ਰਤੀਕੀ ਵਿਵਸਥਾ ਨੂੰ ਪੂਰਵ ਇਡੀਪਲ ਜਾਂ ਕਾਲਪਨਿਕ ਸਤਰ ਨਾਲ ਟਕਰਾ ਕੇ ਦੋਹਾਂ ਨੂੰ ਹੀ ਵਿਰੇਚਿਤ ਕਰਨ ਵੱਲ ਹੈ। ਪੂਰਵ ਪ੍ਰਤੀਤੀ, ਸੰਜੋਗਸ਼ੀਲ, ਕਾਲਪਨਿਕ ਸੰਸਾਰ ਇਸ ਰਚਨਾ ਦਾ Isotope ਹੈ। ਇਸ ਰਚਨਾ ਵਿਚ ਵੇਰਵੇ ਦੇ ਉਲਟਾ ਪੁਲਟਾ ਵਿਚੋਂ ਇਕ ਪੂਰਨ ਦਰਸ਼ਨ ਉਦੈ ਹੁੰਦਾ ਹੈ।"[27] ਉਦਾਹਰਣ ਵਜੋਂ:

*ਪੁੰਨਿਆ ਦੀ ਰਾਤ*
*ਗੰਗਾ 'ਚ ਨਹਾਉਂਦੀ ਗੁਰਮਾਤਾ*
*ਚਾਨਣ ਮਹੀਨ ਥਾਣੀ ਜਦੋਂ ਮੈ ਤਕਦਾ ਸੀ*
*ਨਾਗ ਮੇਰੇ ਅੰਗ ਸੰਗ ਮੈਨੂੰ ਪਿਆ ਤਕਦਾ ਸੀ*
*ਅਚਨਚੇਤ ਡਹਿਲਿਆ*
*ਮੈ ਬੇਵਸਾਗ ਬਰੜਾਇਆ*
*ਮੈ ਹੀ ਕਿਤੇ ਨੰਗ ਵੇਖਣ ਦੀ ਲਾਲਸਾ 'ਚ*
*ਆਪਣੇ ਆਪ ਨੂੰ*
*ਕੱਜਣਾ ਤਾਂ ਨਹੀਂ ਭੁੱਲ ਗਿਆ।*
*ਦੁਬਿਧਾ ਮਿਟਾਓ ਗੁਰੂਦੇਵ*
*ਕਈ ਵਾਰ ਲਗਦੈ ਮੇਰੇ ਅੰਦਰ ਕੋਈ ਗ਼ੈਰ ਹੈ*
*ਕਈ ਵਾਰ ਲਗਦੈ ਗ਼ੈਰ ਅੰਦਰ ਮੈ ਹਾਂ।* (ਪੰਨਾ 58)

ਇਸ ਕਵਿਤਾ ਵਿਚ ਕਈ ਥਾਂ ਬਿਰਤਾਂਤਕ ਅੰਸ਼ ਵੀ ਮੌਜੂਦ ਹਨ। ਰਿਸ਼ੀ ਨੂੰ ਲੱਭਦਾ ਹੋਇਆ ਮੈਂ - ਪਾਤਰ ਸ਼ਮਸ਼ਾਨਘਾਟ ਵਿਚ ਪਹੁੰਚ ਜਾਂਦਾ ਹੈ ਜਿਥੇ ਸ਼ਮਸ਼ਾਨ ਵਾਲਾ ਬਾਬਾ ਚਿਤਾ ਜਲਾ ਰਿਹਾ ਹੁੰਦਾ ਹੈ ਪਰੰਤੂ ਉਥੇ ਪਹੁੰਚਣ 'ਤੇ ਬਾਬਾ ਸਪੱਸ਼ਟ ਕਰਦਾ ਹੈ ਕਿ ਉਹ ਤਾਂ ਅਜੇ ਬਾਲਣ ਹੀ ਬਾਲ ਰਿਹਾ ਹੈ। ਉਹ ਤਾਂ ਸਿਵੇ ਦੀ ਉਡੀਕ ਵਿਚ ਹੈ, ਜੇ ਉਹ ਚਾਹੇ ਤਾਂ ਮਰ ਸਕਦਾ ਹੈ ਪਰ ਕਿਉਂਕਿ ਕਾਵਿ "ਮੈਂ" ਦੀ ਤਲਾਸ਼ ਅਜੇ ਜਾਰੀ ਹੈ, ਇਸੇ ਲਈ ਉਹ ਮਰਨਾ ਨਹੀਂ ਚਾਹੁੰਦਾ ਤੇ ਮੌਤ ਤੋਂ ਡਰਦਾ ਹੈ। ਬਾਬਾ ਇਸ ਗੱਲ ਨੂੰ 'ਕਾਵਿ ਮੈਂ' 'ਤੇ ਛੱਡਦਾ ਕਹਿੰਦਾ ਹੈ :

*ਮਰਨਾ ਜ਼ਰੂਰੀ ਨਹੀਂ*
*ਕੋਈ ਮਜਬੂਰੀ ਨਹੀਂ*
*ਏਥੋਂ ਹੀ ਬੇਸ਼ੱਕ ਤੂੰ ਵਾਪਸ ਚਲਾ ਜਾ*
*ਮੁੜਦੇ ਹੀ ਰਹੇ ਕਈ ਏਥੇ ਤਕ ਪਹੁੰਚ ਕੇ*
*ਏਥੋਂ ਅਗਾਂਹ ਸਾਰੇ ਰਾਹ ਅੱਗ ਵਿਚੋਂ ਲੰਘਦੇ ਨੇ*
*ਅਗਾਂਹ ਹੈ ਵਾਟ ਨਿਰੇ ਮੁਰਦਰੇ ਮੁਰੀਦ ਦੀ।* (ਪੰਨਾ 49)

ਲੰਮੀ ਕਵਿਤਾ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਉਹ ਨਿਸਚਿਤ ਜੀਵਨ ਮੁਲਾਂ, ਵਿਧੀਆਂ ਜਾਂ ਉਪਦੇਸ਼ਾਂ ਦਾ ਪ੍ਰਚਾਰ ਨਹੀਂ ਕਰਦੀ ਸਗੋਂ ਇਨ੍ਹਾਂ ਦੇ ਸੰਦਰਭਾਂ, ਪ੍ਰਸੰਗਾਂ ਜਾਂ ਪ੍ਰਸਥਿਤੀਆਂ ਨਾਲ ਅੰਤਰ-ਵਿਰੋਧਾਂ ਵਿਚੋਂ ਪੈਦਾ ਹੋਏ ਤਣਾਓ ਨੂੰ ਪੇਸ਼ ਕਰਦੀ ਹੈ। ਮਨੁੱਖ ਦੀ ਹੋਂਦ ਦੀ ਸਮੱਸਿਆ ਬਾਰੇ ਦਾਰਸ਼ਨਿਕ ਪ੍ਰਵਚਨ ਸਿਰਜ ਸਕਦੀ ਹੈ ਜਿਸ ਦੀ ਬੁਨਿਆਦੀ ਸੁਰ ਤਣਾਓ ਦੀ ਹੀ ਹੁੰਦੀ ਹੈ। ਕਵੀ ਆਪਣੀ ਦਾਰਸ਼ਨਿਕ ਸੂਝ ਰਾਹੀਂ ਮਨੁੱਖ, ਪ੍ਰਕਿਰਤੀ ਤੇ ਗਿਆਨ ਦੇ ਰਹੱਸ ਖੋਲ੍ਹ ਸਕਦਾ ਹੈ, ਜਿਵੇਂ:

- *ਜ਼ਿੰਦਗੀ ਆਪਣੇ ਤੋਂ ਦੂਰ*
  *ਹੋਰ ਹੋਰ ਦੂਰ*
  *ਹੁੰਦੇ ਜਾਣ ਦਾ ਸਫ਼ਰ ਹੈ।* (ਪੰਨਾ 39)

- *ਹਰ ਰਿਸ਼ੀ ਦੇ ਅਤੀਤ ਵਿਚ ਕੋਈ ਜ਼ਖ਼ਮ ਹੈ*
  *ਗਿਆਨ ਕਿਸ ਦੁਖ ਦੀ ਵਿਆਖਿਆ* (ਪੰਨਾ 42)

ਪਰ ਇਹ ਕਿਸੇ ਅੰਤਿਮ ਤੇ ਨਿਸਚਿਤ ਦ੍ਰਿਸ਼ਟੀ ਤੋਂ ਪੇਸ਼ ਕੀਤਾ ਆਦਰਸ਼ ਨਹੀਂ ਹੈ। ਇਹ ਕਿਸੇ ਵੀ ਤਲਾਸ਼ ਦੀ ਅੰਤਿਮਤਾ ਤੇ ਸਿਖਰ ਨੂੰ ਪ੍ਰਗਟ ਨਹੀਂ ਕਰਦੀ ਸਗੋਂ ਅਸੀਮ ਹੈ। ਲੰਮੀ ਕਵਿਤਾ ਵਿਚ ਅਜਿਹੀ ਦ੍ਰਿਸ਼ਟੀ ਕਿਸੇ ਅੰਤ ਦੀ ਸੂਚਕ ਨਹੀਂ। **ਰੁੱਖ ਤੇ ਰਿਸ਼ੀ** ਰਚਨਾ ਅਜਿਹੀ ਤਲਾਸ਼ ਬਾਰੇ ਬਿਆਨ ਕਰਦੀ ਹੈ:

*ਤਲਾਸ਼*
*ਕੋਈ ਕਿਤਾਬ ਨਹੀਂ ਜਿਲਦ ਵਿਚ ਬੱਝੀ*
*ਕਿ ਮਿਥੇ ਹੋਏ ਅੰਤ ਉਪਰ ਪਹੁੰਚ ਕੇ*
*ਪੂਰਨ-ਸੰਪੂਰਨ ਹੋ ਜਾਵੇ*
*ਇਹ ਤਾਂ ਹੈ ਆਵਾ ਗਮਨ ਜੋ ਕਿਤੇ ਨਹੀਂ ਮੁਕਦਾ*
*ਗੁਰੂ ਮਿਲ ਜਾਵੇ*
*ਤਾਂ ਵੀ ਮੁਕਤੀ ਨਹੀਂ ਮਿਲਦੀ*
*ਤੁਰਨ ਵਾਲੇ ਪੈਰਾਂ ਦੇ ਚੱਕਰ ਨਹੀਂ ਮਿਲਦੇ*
*ਇਸੇ ਲਈ ਅੰਤੋਂ ਬਗੈਰ ਹੈ ਇਹ ਯਾਤ੍ਰਾ* (ਪੰਨਾ 98)

ਇਸ ਲੰਮੇਰੀ ਕਵਿਤਾ ਦੇ 'ਅੰਤਿਕਾ ਭਾਗ' ਵਿਚ ਕਾਵਿ-ਮੈਂ ਇਸੇ ਲਈ ਕਹਿੰਦਾ ਹੈ:

*ਬਹੁਤ ਕੁਝ ਕਹਿਣ ਬਾਦ*
*ਰਹਿ ਜਾਂਦਾ ਏ ਬਹੁਤ ਕਝ ਕਹਿਣਯੋਗ*
*ਬਹੁਤ ਜੀ ਲੈਣ ਬਾਦ*
*ਰਹਿ ਜਾਂਦੀ ਹੋਰ ਜੀਵਨ-ਅਭਿਲਾਖਿਆ* (ਪੰਨਾ 98)

ਇਸ ਤਰ੍ਹਾਂ ਇਹ ਕਵਿਤਾ ਕਵੀ ਦੀ ਕਾਵਿ-ਚੇਤਨਾ ਦੇ ਵਿਰਚਨਾਤਮਕ ਸੁਭਾਅ ਦੀ ਧਾਰਨੀ ਹੈ ਜਿਸ ਅਨੁਸਾਰ ਉਹ ਪਹਿਲਾਂ ਤੋਂ ਸਥਾਪਿਤ ਦੀ ਵਿਰਚਨਾ ਕਰਦਾ ਹੈ। ਇਹ ਸਿਲਸਿਲਾ ਹਰਿਭਜਨ ਸਿੰਘ ਦੇ ਸਮੁੱਚੇ ਕਾਵਿ-ਅਮਲ ਵਿਚ ਜਾਰੀ ਰਹਿੰਦਾ ਹੈ। ਇਸੇ ਲਈ ਇਹ ਕਾਵਿ-ਅਮਲ **ਰੁੱਖ ਤੇ ਰਿਸ਼ੀ** ਵਿਚਲੀ ਵਸਤ ਨੂੰ ਸਿਰਜਣਾ ਅਮਲ ਵਿਚ ਪੂਰਨ ਕਰਕੇ ਵੀ ਖੁੱਲ੍ਹਿਆਂ ਰੱਖਦਾ ਹੈ। ਇਉਂ ਇਹ ਰਚਨਾ ਆਪਣਾ ਅੰਤ ਕਰਕੇ ਵੀ ਅੰਤ ਨਹੀਂ ਕਰਦੀ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਹਰਿਭਜਨ ਸਿੰਘ ਦੀ **ਰੁੱਖ ਤੇ ਰਿਸ਼ੀ** ਰਚਨਾ ਕਾਵਿ ਰੂਪ-ਵਿਧਾ ਪੱਖੋਂ ਲੰਮੀ/ਦੀਰਘ ਕਵਿਤਾ ਦੇ ਘੇਰੇ ਵਿਚ ਆਉਣ ਵਾਲੀ ਰਚਨਾ ਹੈ ਜਿਹੜੀ ਲੰਮੀ ਕਵਿਤਾ ਦੀਆਂ ਰੂਪ-ਵਿਧਾਈ ਲੋੜਾਂ ਤੇ ਤੱਤਾਂ ਦੇ ਅਨੁਸਾਰੀ ਆਪਣਾ ਸਿਰਜਣਾਤਮਕ ਮਾਡਲ ਸਿਰਜਦੀ ਹੈ। ਆਤਮ-ਸੰਵਾਦ ਦੇ ਰੂਪ ਵਿਚ ਲਿਖੀ ਇਸ ਰਚਨਾ ਵਿਚ ਨਾਟਕੀਅਤਾ ਦਾ ਗੁਣ ਸੁਭਾਵਿਕ ਰੂਪ ਵਿਚ ਉਤਪੰਨ ਹੁੰਦਾ ਹੈ। ਸਿਰਜਣਾਤਮਕ ਤਣਾਓ ਨੂੰ ਕਵੀ ਨੇ ਵਿਚਾਰ/ਦਰਸ਼ਨ ਅਤੇ ਬਿੰਬਾਂ ਦੇ ਮਾਧਿਅਮ ਰਾਹੀਂ ਤਣ ਕੇ ਰੱਖਿਆ ਹੈ ਅਤੇ ਇਹੀ ਤੱਤ ਇਸ ਰਚਨਾ ਨੂੰ ਇਕਸੂਤਰਤਾ ਵਿਚ ਬੰਨ੍ਹ ਕੇ ਰੱਖਦੇ ਹਨ। ਬਿਰਤਾਂਤ, ਵਰਣਨ ਤੇ ਪ੍ਰਗੀਤ ਦੇ ਅੰਗਾਂ ਨੇ ਇਸ ਕਾਵਿ-ਰਚਨਾ ਵਿਚਲੇ ਸੁਹਜ ਅਤੇ ਸੰਚਾਰ ਯੋਗਤਾ ਵਿਚ ਨਿਸਚਿਤ ਤੌਰ 'ਤੇ ਵਾਧਾ ਕੀਤਾ ਹੈ। ਲੰਮੀ ਕਵਿਤਾ ਦੇ ਇਸ ਪ੍ਰਯੋਗ ਨੇ ਜਿਥੇ ਹਰਿਭਜਨ ਸਿੰਘ ਦੀ ਕਾਵਿ-ਚੇਤਨਾ ਨੂੰ ਸਿਖਰ 'ਤੇ ਪਹੁੰਚਾਇਆ ਹੈ, ਉਥੇ ਸਾਡੀ ਭਾਸ਼ਾ ਵਿਚ ਲੁਕੀ ਉਸ ਸਮਰੱਥਾ ਨੂੰ ਵੀ ਉਜਾਗਰ ਕੀਤਾ ਹੈ, ਜਿਹੜੀ ਗੰਭੀਰ ਤੋਂ ਗੰਭੀਰ ਵਿਸ਼ਿਆਂ ਬਾਰੇ ਦਾਰਸ਼ਨਿਕ-ਕਾਵਿ ਦੀ ਸਿਰਜਣਾ ਕਰਨ ਦੇ ਸਮਰੱਥ ਹੈ।

**ਹਵਾਲੇ :**


1. Fredrick Jamson, **Marxism and Form**, p.171.
2. **ਉਹੀ**, ਪੰਨਾ 171-172
3. ਨਰੇਂਦ੍ਰ ਮੋਹਨ (ਸੰਪਾ), **ਲੰਬੀ ਕਵਿਤਾਓਂ ਕਾ ਰਚਨਾ ਵਿਧਾਨ**, ਪੰਨਾ 1-2
4. **ਉਹੀ**, ਪੰਨਾ 7
5. ਕਮਲੇਸ਼ਵਰ ਪ੍ਰਸਾਦ, **ਹਿੰਦੀ ਮੇਂ ਨਈਂ ਕਵਿਤਾ: ਅਵਿਧਾਰਣਾ ਸਵਰੂਪ ਏਵਮ ਮੁਲਾਂਕਣ**, ਪੰਨਾ 70-71 ਤੋਂ ਉਧਰਿਤ

6. ਬਲਦੇਵ ਵੰਸ਼ੀ (ਡਾ), **ਲੰਮੀ ਕਵਿਤਾ: ਵਿਚਾਰਿਕ ਸਰੋਕਾਰ**, ਪੰਨਾ 7
7. ਕਮਲੇਸ਼ਵਰ ਪ੍ਰਸਾਦ, **ਉਹੀ**, ਪੰਨਾ 136-137
8. Georg Lubac, **The Meaning of Contemporary Realism**, p.70.
9. **ਉਹੀ**, ਪੰਨਾ 73
10. ਨਰੇਂਦ੍ਰ ਮੋਹਨ, **ਉਹੀ**, ਪੰਨਾ 5
11. ਮੁਕਤੀ ਬੋਧ, **ਏਕ ਸਾਹਿਤਅਕ ਦੀ ਡਾਇਰੀ**, ਪੰਨਾ 27
12. ਨਰੇਂਦ੍ਰ ਮੋਹਨ, **ਉਹੀ**, ਪੰਨਾ 5
13. ਬਲਦੇਵ ਵੰਸ਼ੀ (ਡਾ), **ਉਹੀ**, ਪੰਨਾ 25
14. **ਉਹੀ**, ਪੰਨਾ 22
15. ਨਰੇਂਦ੍ਰ ਮੋਹਨ, **ਉਹੀ**, ਪੰਨਾ 2-3
16. **ਉਹੀ**, ਪੰਨਾ 2-3
17. ਬਲਦੇਵ ਵੰਸ਼ੀ (ਡਾ), **ਉਹੀ**, ਪੰਨਾ 25
18. ਨਰੇਂਦ੍ਰ ਮੋਹਨ, **ਉਹੀ**, ਪੰਨਾ 7
19. ਰਵਿੰਦਰ ਸਿੰਘ ਰਵੀ (ਡਾ), **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ**, ਪੰਨਾ 108
20. **ਉਹੀ**, ਪੰਨਾ 100
21. ਜੋਗਿੰਦਰ ਸਿੰਘ ਰਾਹੀ (ਡਾ), **ਸਮਾਂ ਤੇ ਸੰਬਾਦ**, ਪੰਨਾ 216
22. ਹਰਿਭਜਨ ਸਿੰਘ (ਡਾ), **ਰੁੱਖ ਤੇ ਰਿਸ਼ੀ**, ਆਦਿਕਾ
23. -**ਉਹੀ**-
24. ਜਗਜੀਤ ਸਿੰਘ (ਡਾ), **ਪਾਠ ਉੱਤਰ ਪਾਠ**, ਪੰਨਾ 200
25. ਜਗਜੀਤ ਸਿੰਘ (ਡਾ), **ਉਹੀ**, ਪੰਨਾ 190
26. **ਉਹੀ**, ਪੰਨਾ 191
27. **ਉਹੀ**, ਪੰਨਾ 192


◈